# ਕੈਨੇਡੀਅਨ ਪੰਜਾਬੀ ਕਹਾਣੀ ਵਿਚ ਅੰਤਰ-ਰਾਸ਼ਟਰੀ ਮਸਲੇ

## (ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਦੇ ਸੰਦਰਭ ਵਿਚ)

**CANADIAN PUNJABI KAHANI VICH ANTAR-RASHTRI MASLE**

**(Jarnail Singh De Kahani Sangreh ‘Kaale Varke’ De Sandarbh Vich)**

Transforming Education Transforming India

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ

ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ

ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ

ਖੋਜ-ਪ੍ਰਬੰਧ


ਖੋਜਾਰਥੀ — ਨਿਗਰਾਨ

ਨਾਮ: ਬਬਲੀ — ਡਾ. ਬਲਵਿੰਦਰ ਸਿੰਘ ਥਿੰਦ

ਰਜਿ. ਨੰਬਰ- 11612263 — ਸਹਾਇਕ ਪ੍ਰੋਫ਼ੈਸਰ


## ਫੈਕਲਟੀ ਆਫ਼ ਬਿਜ਼ਨਸ ਐਂਡ ਆਰਟਸ

## ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ

2017

# ਘੋਸ਼ਣਾ-ਪੱਤਰ

ਮੈਂ ਬਬਲੀ ਇਹ ਬਿਆਨ ਕਰਦੀ ਹਾਂ ਕਿ **"ਕੈਨੇਡੀਅਨ ਪੰਜਾਬੀ ਕਹਾਣੀ ਵਿਚ ਅੰਤਰ-ਰਾਸ਼ਟਰੀ ਮਸਲੇ" (ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਦਾ ਸੰਦਰਭ ਵਿਚ)** ਵਿਸ਼ੇ 'ਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਖੋਜ-ਪ੍ਰਬੰਧ ਵਿਚਲੇ ਖੋਜ-ਕਾਰਜ ਉੱਤੇ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਨਹੀਂ ਦਿੱਤਾ ਗਿਆ।

ਮਿਤੀ ................

**ਖੋਜਾਰਥੀ**

ਖੋਜਾਰਥੀ ਦਾ ਨਾਮ: ਬਬਲੀ

ਰਜਿ. ਨੰ. 11612263

# ਪ੍ਰਮਾਣ-ਪੱਤਰ

**ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਬਬਲੀ ਨੇ "ਕੈਨੇਡੀਅਨ ਪੰਜਾਬੀ ਕਹਾਣੀ ਵਿਚ ਅੰਤਰ-ਰਾਸ਼ਟਰੀ ਮਸਲੇ (ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਦੇ ਸੰਦਰਭ ਵਿਚ) ਐਮ.ਏ. ਪੰਜਾਬੀ ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤੀਫ਼ਲ ਹੈ। ਮੈਂ ਇਸ ਖੋਜ-ਕਾਰਜ ਨੂੰ ਐਮ.ਏ.ਪੰਜਾਬੀ ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁੱਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫਾਰਸ਼ ਕਰਦਾ ਹਾਂ। ਇਸ ਤੋਂ ਪਹਿਲਾ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।**

ਮਿਤੀ: ................ **ਨਿਗਰਾਨ**

**ਡਾ. ਬਲਵਿੰਦਰ ਸਿੰਘ ਥਿੰਦ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

## ਤਤਕਰਾ

ਭੂਮਿਕਾ iii- iii

ਅਧਿਆਇ ਪਹਿਲਾ 1 - 27

ਸਿਧਾਂਤਕ ਪਿੱਠਭੂਮੀ

1.1 ਸਮੱਸਿਆ ਕਥਨ

1.2 ਉਚਿੱਤਤਾ/ਪ੍ਰੰਸਗਿਕਤਾ

1.3 ਉਦੇਸ਼

1.4 ਖੋਜ ਵਿਧੀ

1.5 ਵਿਸ਼ੇ ਨਾਲ ਸੰਬੰਧਿਤ ਪੂਰਵ ਖੋਜ ਕਾਰਜ

1.6 ਪੰਜਾਬੀ ਕਹਾਣੀ: ਸਿਧਾਂਤਕ ਪਰਿਪੇਖ

1.6.1 ਕਹਾਣੀ ਦਾ ਨਾਮਕਰਨ

1.6.2 ਕਹਾਣੀ ਦੀਆਂ ਪਰਿਭਾਸ਼ਾਵਾਂ

1.6.3 ਕਹਾਣੀ ਦਾ ਇਤਿਹਾਸਕ ਸਫ਼ਰ

1.6.4 ਕਹਾਣੀ ਦਾ ਵਿਕਾਸ

1.6.5 ਕਹਾਣੀ ਦਾ ਵਰਗੀਕਰਨ

1.6.6 ਕਹਾਣੀ ਦੇ ਤੱਤ

1.7 ਕਹਾਣੀਕਾਰ ਜਰਨੈਲ ਸਿੰਘ ਦਾ ਜੀਵਨ ਵੇਰਵਾ, ਰਚਨਾ ਜਗਤ ਅਤੇ ਸਾਹਿਤਕ ਪਿਛੋਕੜ

1.7.1 ਜਰਨੈਲ ਸਿੰਘ ਦਾ ਜੀਵਨ

1.7.2 ਜਰਨੈਲ ਸਿੰਘ ਦਾ ਰਚਨਾ ਜਗਤ

1.7.3 ਜਰਨੈਲ ਸਿੰਘ ਦਾ ਸਾਹਿਤਕ ਪਿਛੋਕੜ

1.7.4 ਜਰਨੈਲ ਸਿੰਘ ਨੂੰ ਪ੍ਰਾਪਤ ਸਨਮਾਨ

1.7.5 ਸਾਹਿਤਕ ਸਫ਼ਰ ਵਿਚ ਮਿਲੀਆਂ ਪ੍ਰਾਪਤੀਆਂ

ਅਧਿਆਇ – ਦੂਜਾ 28 - 46

ਕੈਨੇਡੀਅਨ ਪੰਜਾਬੀ ਕਹਾਣੀ ਦਾ ਇਤਿਹਾਸਕ ਵਿਕਾਸ

2.1 ਕੈਨੇਡਾ ਬਾਰੇ ਮੁੱਢਲੀ ਜਾਣਕਾਰੀ

2.2 ਕੈਨੇਡੀਅਨ ਪੰਜਾਬੀ ਕਹਾਣੀ ਦਾ ਇਤਿਹਾਸਕ ਵਿਕਾਸ

2.3 ਪਰਵਾਸ

2.3.1 ਪਰਵਾਸ ਦਾ ਇਤਿਹਾਸ

2.3.2 ਪਰਵਾਸ, ਆਵਾਸ ਦਾ ਅਰਥ, ਪਭਿਾਸ਼ਾਵਾਂ

2.4 ਪਰਵਾਸੀ ਮਸਲਿਆਂ ਦਾ ਵਿਸ਼ਲੇਸ਼ਣ

2.4.1 ਆਰਥਿਕਤਾ

2.4.2 ਨਸਲੀ ਵਿਤਕਰਾ

2.4.3 ਪੀੜ੍ਹੀਆਂ ਦੀ ਸਮੱਸਿਆ

2.4.4 ਇਕੱਲਤਾ ਤੇ ਬੇਗਾਨਗੀ

2.4.5 ਧਾਰਮਿਕ ਸਮੱਸਿਆ

2.4.6 ਅਣਜੋੜ ਵਿਆਹ

2.4.7 ਪੰਜਾਬੀ ਬੋਲੀ ਦੇ ਗੁੰਮ ਹੋਣ ਦੀ ਸਮੱਸਿਆ

ਅਧਿਆਇ – ਤੀਜਾ 47 - 65

ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਅੰਤਰ-ਰਾਸ਼ਟਰੀ ਮਸਲੇ

3.1 ਸਭਿਆਚਾਰਕ ਤਣਾਅ

3.2 ਨਸਲਵਾਦ

3.3 ਆਰਥਿਕਤਾ

3.4 ਗੈਰ-ਮਨੁੱਖੀ ਵਿਵਹਾਰ

3.5 ਫ਼ੈਸ਼ਨ ਦੇ ਪ੍ਰਭਾਵ ਅਧੀਨ ਜਿਨਸੀ ਸ਼ੋਸ਼ਣ

ਅਧਿਆਇ – ਚੌਥਾ 66 - 81

ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਦੇ ਆਧਾਰ 'ਤੇ ਸਾਹਿਤਕ ਸਰੋਕਾਰਾਂ ਦਾ ਅਧਿਐਨ

4.1 ਸਮਾਜਿਕ ਸਰੋਕਾਰ

4.2 ਆਰਥਿਕ ਸਰੋਕਾਰ

4.3 ਪਰਿਵਾਰਕ ਸਰੋਕਾਰ

4.4 ਇਤਿਹਾਸਕ ਸਰੋਕਾਰ

ਸਿੱਟਾ ਅਤੇ ਸਥਾਪਨਾਵਾਂ 82 - 84

ਸਹਾਇਕ ਪੁਸਤਕ ਸੂਚੀ 85 - 87

## ਭੂਮਿਕਾ

ਸਾਹਿਤ ਦੇ ਦੋ ਰੂਪ ਹੁੰਦੇ ਹਨ - ਕਵਿਤਾ ਤੇ ਵਾਰਤਕ। ਕਵਿਤਾ ਦਾ ਜਨਮ ਵਾਰਤਕ ਤੋਂ ਪਹਿਲਾਂ ਹੋਇਆ ਹੈ। ਕਵਿਤਾ ਦਿਲ ਦੀ ਬੋਲੀ ਹੁੰਦੀ ਹੈ ਤੇ ਵਾਰਤਕ ਦਿਮਾਗ਼ ਦੀ ਭਾਸ਼ਾ ਹੈ। ਸਾਹਿਤ ਵਿਚ ਇਸ ਦੇ ਦੋ ਰੂਪ ਹਨ – ਸ਼ੁੱਧ ਤੇ ਅਸ਼ੁੱਧ। ਆਧੁਨਿਕ ਸ਼ੁੱਧ ਵਾਰਤਕ ਵਿਚ ਜੀਵਨੀ, ਸਵੈ ਜੀਵਨੀ, ਰੇਖਾ ਚਿੱਤਰ ਆਦਿ ਰੂਪ ਸ਼ਾਮਿਲ ਹਨ ਤੇ ਅਸ਼ੁੱਧ ਵਾਰਤਕ ਵਿਚ ਕਹਾਣੀ ਤੇ ਨਾਵਲ ਹਨ। ਕਹਾਣੀ ਹੀ ਇੱਕ ਅਜਿਹੀ ਵਿਧਾ ਹੈ ਜੋ ਹਰ ਇੱਕ ਮਨੁੱਖ ਦੇ ਮਨ ਨੂੰ ਟੁੰਬਦੀ ਹੈ। ਪੰਜਾਬੀ ਸਾਹਿਤ ਵਿਚ ਕਹਾਣੀ ਵਿਧਾ ਨਾਲ ਸੰਬੰਧਿਤ ਬਹੁਤ ਸਾਰੇ ਕਹਾਣੀਕਾਰ ਹਨ ,ਜਿਨ੍ਹਾਂ ਵਿਚੋਂ ਜਰਨੈਲ ਸਿੰਘ ਵੀ ਉੱਘੇ ਕਹਾਣੀਕਾਰਾਂ ਵਿਚੋਂ ਗਿਣੇ ਜਾਂਦੇ ਹਨ। ਆਧੁਨਿਕ ਸਮੇਂ ਵਿਚ ਕਹਾਣੀਕਾਰ ਜਰਨੈਲ ਸਿੰਘ ਪ੍ਰਮੁੱਖ ਪ੍ਰਤਿਭਾਸ਼ਾਲੀ ਕਹਾਣੀਕਾਰ ਹੈ। ਜਰਨੈਲ ਬਹੁਤ ਹੀ ਪ੍ਰਤਿਭਾਵਾਨ ਕਹਾਣੀਕਾਰ ਹੈ। ਅਜੋਕੇ ਸਮੇਂ ਵਿਚ ਜਰਨੈਲ ਸਿੰਘ ਪੰਜਾਬੀ ਸਾਹਿਤ ਵਿਚ ਕਹਾਣੀ ਲਿਖਣ ਵਾਲਾ ਇੱਕ ਨਵਾਂ ਕਹਾਣੀਕਾਰ ਹੈ। ਪੰਜਾਬੀ ਸਾਹਿਤ ਵਿਚ ਜਰਨੈਲ ਸਿੰਘ ਨੇ ਆਪਣੇ ਕਹਾਣੀ-ਸੰਗ੍ਰਹਿ ਨਾਲ ਪੰਜਾਬੀ ਦੇ ਸਥਾਪਤ ਕਹਾਣੀਕਾਰਾਂ ਵਿਚੋਂ ਪਹਿਲੀ ਕਤਾਰ ਵਿਚ ਆ ਖੜ੍ਹਾ ਹੋਇਆ ਹੈ। ਜਰਨੈਲ ਨੇ ਪੰਜਾਬੀ ਪਰਵਾਸੀ ਕਹਾਣੀਆਂ ਲਿਖਣ ਵੱਲ ਇੱਕ ਨਵੀਂ ਪੁਲਾਂਘ ਪੁੱਟੀ।

ਪੰਜਾਬੀ ਜਗਤ ਵਿਚ ਜਰਨੈਲ ਸਿੰਘ ਦੇ ਪੰਜ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ- 'ਮੈਨੂੰ ਕੀ', 'ਮਨੁੱਖ ਤੇ ਮਨੁੱਖ', 'ਸਮੇਂ ਦੇ ਹਾਣੀ', 'ਦੋ ਟਾਪੂ', 'ਟਾਵਰਜ਼' ਹਨ। ਜਰਨੈਲ ਸਿੰਘ ਇੱਕ ਸੂਝਵਾਨ ਤੇ ਪ੍ਰਤਿਭਾਸ਼ਾਲੀ ਕਹਾਣੀਕਾਰ ਹੈ। ਉਸ ਨੇ ਆਪਣੀਆਂ ਕਹਾਣੀਆਂ ਵਿਚ ਪਰਵਾਸ ਦੇ ਹਰ ਪੱਖ ਨੂੰ ਬੜ੍ਹੀ ਸੂਝਵਾਨਤਾ ਨਾਲ ਬਿਆਨ ਕਰ ਕੇ ਪੰਜਾਬੀ ਸਾਹਿਤ ਵਿਚ ਬਹੁਤ ਅਣਮੁੱਲਾ ਵਾਧਾ ਕੀਤਾ ਹੈ। ਉਸ ਨੇ ਆਪਣੀਆਂ ਕਹਾਣੀਆਂ ਵਿਚ ਜ਼ਿੰਦਗੀ ਦੇ ਸੱਚ ਦੀ ਪੇਸ਼ਕਾਰੀ ਕੀਤੀ ਹੈ ਜੋ ਮਨੁੱਖੀ ਮਨ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਸਾਧਾਰਨ ਲੋਕਾਂ ਦੇ ਜੀਵਨ ਵਿਚੋਂ ਲਏ ਗਏ ਹਨ। ਉਸ ਦੀਆਂ ਕਹਾਣੀਆਂ ਗੁੰਝਲਤਾ ਤੇ ਜਟਿਲਤਾ ਤੋਂ ਰਹਿਤ ਹਨ। ਸਮਕਾਲੀ ਕਹਾਣੀਕਾਰ ਜਰਨੈਲ ਸਿੰਘ ਨੇ ਕਹਾਣੀਆਂ ਵਿਚ ਅਜੋਕੇ ਜੀਵਨ ਯਥਾਰਥ ਨੂੰ ਪ੍ਰਗਟਾਉਣ ਲਈ ਨਿਵੇਕਲਾ ਤੇ ਪ੍ਰਮਾਣਿਕ ਗਲਪੀ ਮੁਹਾਵਰਾ ਹੈ। ਉਹ ਸਮਕਾਲੀ ਜੀਵਨ ਦੇ ਨਵੇਂ ਯਥਾਰਥ ਦੀਆਂ ਪੇਚੀਦਗੀਆਂ ਨੂੰ ਸਮਝਣ ਵਾਲਾ ਕਥਾਕਾਰ ਹੈ। ਇਸ ਦੇ ਨਾਲ ਹੀ ਠੇਠ ਭਾਸ਼ਾ,

ਠੋਸ ਵਾਰਤਾਲਾਪ ਤੇ ਗੁੰਝਲਦਾਰ ਮਾਨਸਿਕਤਾ ਨੂੰ ਖੋਲ੍ਹਦਾ ਹੈ। ਉਸ ਦੀਆਂ ਕਹਾਣੀਆਂ ਸਰਲ, ਸਪੱਸ਼ਟ, ਸੌਖੀਆਂ ਤੇ ਕਥਾ ਭਰਪੂਰ ਹਨ।

ਹਥਲੇ ਖੋਜ ਕਾਰਜ ਵਿਚ ਜਰਨੈਲ ਸਿੰਘ ਦੇ ਕਹਾਣੀ-ਸੰਗ੍ਰਹਿ 'ਕਾਲ਼ੇ ਵਰਕੇ' ਵਿਚਲੀਆਂ ਕਹਾਣੀਆਂ ਦੇ ਅਧਿਐਨ ਨੂੰ ਆਧਾਰ ਦਾ ਕੇਂਦਰ ਮਿਥਿਆ ਗਿਆ ਹੈ। ਹਥਲੇ ਖੋਜ ਕਾਰਜ ਨੂੰ ਨਵੀਂ ਦਿਸ਼ਾ ਵੱਲ ਲਿਜਾਣ ਲਈ ਇਸ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਕਹਾਣੀ ਦਾ ਸਿਧਾਂਤਕ ਪਰਿਪੇਖ ਬਿਆਨ ਕੀਤਾ ਗਿਆ ਹੈ। ਇਸ ਵਿਚ ਕਹਾਣੀ ਦਾ ਸਿਧਾਂਤਕ ਪਰਿਪੇਖ- ਅਰਥ, ਪਰਿਭਾਸ਼ਾ ਤੇ ਤੱਤ ਆਦਿ ਬਾਰੇ ਚਰਚਾ ਕੀਤੀ ਗਈ ਹੈ ਜਿਸ ਵਿਚ ਕਹਾਣੀ ਦੇ ਇਤਿਹਾਸਕ ਸਫ਼ਰ ਬਾਰੇ ਬਿਆਨ ਕੀਤਾ ਗਿਆ ਹੈ ਤੇ ਕਹਾਣੀਕਾਰ ਜਰਨੈਲ ਸਿੰਘ ਦੇ ਜੀਵਨ ਤੇ ਰਚਨਾ ਜਗਤ ਬਾਰੇ ਬਿਆਨ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ ਕੈਨੇਡੀਅਨ ਪੰਜਾਬੀ ਕਹਾਣੀ ਦਾ ਇਤਿਹਾਸਕ ਵਿਕਾਸ ਅਤੇ ਪਰਵਾਸੀ ਮਸਲਿਆਂ ਦਾ ਵਿਸ਼ਲੇਸ਼ਣ ਨੂੰ ਬਿਆਨਿਆ ਗਿਆ ਹੈ। ਤੀਜੇ ਅਧਿਆਇ ਵਿਚ ਕਹਾਣੀਕਾਰ ਜਰਨੈਲ ਸਿੰਘ  ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਅੰਤਰ-ਰਾਸ਼ਟਰੀ ਮਸਲਿਆਂ ਨੂੰ ਬਿਆਨ ਕੀਤਾ ਗਿਆ ਹੈ। ਖੋਜ ਕਾਰਜ ਦੇ ਚੌਥੇ ਅਧਿਆਇ ਵਿਚ ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਦੇ ਆਧਾਰ 'ਤੇ ਸਾਹਿਤਕ ਸਰੋਕਾਰਾਂ ਨੂੰ ਬਿਆਨ ਕੀਤਾ ਗਿਆ ਹੈ। ਇਸ ਦੇ AAKਅਖੀਰ ਵਿਚ ਸਿੱਟੇ ਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਗਿਆ ਹੈ।

**ਸੋ** ਇਸ ਕਹਾਣੀ-ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿਚ ਆਰਥਿਕ ਮਸਲੇ, ਪੈਸੇ ਪ੍ਰਤੀ ਵਧਦੀ ਲਾਲਸਾ, ਵਿਸ਼ਵੀਕਰਨ ਦੀ ਦੌੜ, ਲੋਕਾਂ ਦੀ ਟੁੱਟ-ਭੱਜ ਰਹੀ ਮਾਨਸਿਕਤਾ, ਸਭਿਆਚਾਰਕ ਮਸਲੇ, ਔਰਤਾਂ ਦੇ ਸਰੀਰ ਦੀ ਨੁਮਾਇਸ਼, ਪੀੜ੍ਹੀ-ਪਾੜਾ, ਰਿਸ਼ਤਿਆਂ ਦੀ ਟੁੱਟ-ਭੱਜ ਆਦਿ ਮਸਲਿਆਂ ਨੂੰ ਪੇਸ਼ ਕੀਤਾ ਗਿਆ ਹੈ।

# ਅਧਿਆਇ ਪਹਿਲਾ

# ਸਿਧਾਂਤਕ ਪਿੱਠ-ਭੂਮੀ

### 1.1 ਸਮੱਸਿਆ ਕਥਨ

ਹਥਲੇ ਖੋਜ ਕਾਰਜ ਵਿਚ ਜਰਨੈਲ ਸਿੰਘ ਦਾ ਕਹਾਣੀ-ਸੰਗ੍ਰਹਿ 'ਕਾਲ਼ੇ ਵਰਕੇ' ਨੂੰ ਆਧਾਰ ਬਣਾਇਆ ਗਿਆ ਹੈ। ਖੋਜ ਵਿਸ਼ੇ ਤੇ ਜਰਨੈਲ ਸਿੰਘ ਦਾ ਕਹਾਣੀ-ਸੰਗ੍ਰਹਿ ਵਿਚ ਪੂੰਜੀਵਾਦ ਜਾਂ ਵਿਸ਼ਵੀਕਰਨ ਦੇ ਦੌਰ ਕਾਰਨ ਮਾਨਵੀਂ ਦ੍ਰਿਸ਼ਟੀਕੋਣ, ਅਨੈਤਿਕਤਾ, ਮਾਨਵੀਂ ਸ਼ੋਸਣ, ਰਿਸ਼ਤਿਆਂ ਵਿਚ ਟਕਰਾਅ ਦੀਆਂ ਸਮੱਸਿਆਵਾਂ ਨੂੰ ਬਿਆਨ ਕੀਤਾ ਗਿਆ ਹੈ।

### 1.2 ਉਚਿਤਤਾ/ਪ੍ਰਸੰਗਿਕਤਾ

ਅੱਜ ਦੇ ਸਮੇਂ ਵਿਚ ਇਸ ਵਿਸ਼ੇ ਦੀ ਬੜ੍ਹੀ ਸਾਰਥਿਕਤਾ ਹੈ। ਅੱਜ ਦਾ ਮਨੁੱਖ ਪੂੰਜੀਵਾਦ ਦਾ ਦੌਰ ਹੋਣ ਕਰ ਕੇ ਹਰ ਮਨੁੱਖ ਨੂੰ ਆਪਣੇ ਤੋਂ ਪਿਛਾਂਹ ਧੱਕ ਰਿਹਾ ਹੈ। ਮਨੁੱਖ ਆਪਣੇ ਰਿਸ਼ਤਿਆਂ ਨੂੰ ਭੁੱਲਦਾ ਹੋਇਆ ਪੈਸੇ ਕਮਾਉਣ ਦੀ ਚਾਹਤ ਦੀ ਦੌੜ ਵਿਚ ਲੱਗਾ ਹੋਇਆ ਹੈ। ਮਨੁੱਖ ਦੀ ਪਦਾਰਥਕ ਵਸਤਾਂ ਦੀ ਲਾਲਸਾ ਨੇ ਉਸ ਦੀ ਮਾਨਸਿਕਤਾ ਨੂੰ ਇਸ ਤਰ੍ਹਾਂ ਦੀ ਬਣਾ ਦਿਤਾ ਹੈ ਕਿ ਉਸ ਨੂੰ ਇਕ ਚੀਜ਼ ਪ੍ਰਾਪਤ ਕਰਨ ਤੇ ਸਬਰ ਨਹੀਂ ਆਉਂਦਾ, ਸਗੋਂ ਉਹ ਦੂਜਿਆਂ ਚੀਜ਼ਾਂ ਨੂੰ ਪ੍ਰਾਪਤ ਕਰਨ ਲਈ ਇਧਰ-ਉਧਰ ਹੱਥ- ਪੈਰ ਮਾਰਦਾ ਹੈ। ਅੱਜ ਇਹ ਸਮੱਸਿਆ ਬਹੁਤ ਵਧ ਗਈ ਹੈ। ਇਸ ਸਮੱਸਿਆ ਨੂੰ ਵਿਸ਼ਵ ਵਿਚ ਹਰ ਪੱਧਰ ਉਤੇ ਦੇਖਿਆ ਜਾ ਸਕਦਾ ਹੈ। ਜਿਸ ਕਰ ਕੇ ਮਨੁੱਖ ਆਪਣੇ ਰਿਸ਼ਤੇ, ਨੈਤਿਕ ਕਦਰਾਂ-ਕੀਮਤਾਂ ਨੂੰ ਭੁੱਲਦਾ ਹੋਇਆ ਪੂੰਜੀਵਾਦ ਦੌਰ ਵਿਚ ਡੁੱਬਦਾ ਜਾ ਰਿਹਾ ਹੈ। ਜਰਨੈਲ ਸਿੰਘ ਦਾ ਕਹਾਣੀ-ਸੰਗ੍ਰਹਿ ਵਿਚ ਇਹੋ ਜਿਹੀਆਂ ਸਮੱਸਿਆਵਾਂ ਮਿਲਦੀਆਂ ਹਨ। ਜਿਸ ਕਾਰਨ ਇਸ ਕਹਾਣੀ-ਸੰਗ੍ਰਹਿ ਨੂੰ ਖੋਜ ਕਾਰਜ ਲਈ ਚੁਣਿਆ ਗਿਆ ਹੈ।

### 1.3 ਉਦੇਸ਼

ਹਰ ਇਕ ਰਚਨਾ ਵਿਚ ਉਦੇਸ਼ ਜ਼ਰੂਰੀ ਹੁੰਦੇ ਹਨ। ਉਦੇਸ਼ ਤੋਂ ਬਿਨਾਂ ਕੋਈ ਵੀ ਕਾਰਜ ਸੰਪੂਰਨ ਨਹੀਂ ਹੋ ਸਕਦਾ। ਹਰ ਕਾਰਜ ਵਿਚ ਉਦੇਸ਼ ਢੁੱਕਵਾਂ ਪ੍ਰਭਾਵ ਪਾਉਂਦੇ ਹਨ। ਇਸ ਕਰਕੇ ਉਦੇਸ਼ ਨਿਰੋਲ ਤੇ ਮਜ਼ਬੂਤ ਹੋਣੇ ਚਾਹੀਦੇ ਹਨ। ਇਸ ਖੋਜ ਕਾਰਜ ਲਈ ਮੁੱਖ ਉਦੇਸ਼ ਹਨ।

- ਕੈਨੇਡੀਅਨ ਪੰਜਾਬੀ ਕਹਾਣੀ ਦਾ ਇਤਿਹਾਸਕ ਵਿਕਾਸ ਤੇ ਪਰਵਾਸੀ ਮਸਲਿਆਂ ਦੀ ਪਛਾਣ।
- ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਅੰਤਰ-ਰਾਸ਼ਟਰੀ ਮਸਲਿਆਂ ਦਾ ਅਧਿਐਨ।
- ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਤੇ ਅਧਾਰਿਤ ਸਾਹਿਤਕ ਸਰੋਕਾਰਾਂ ਦਾ ਅਧਿਐਨ।

### 1.4 ਖੋਜ ਵਿਧੀ

ਹਥਲੇ ਖੋਜ ਕਾਰਜ ਲਈ ਕੁਝ ਖੋਜ ਕਾਰਜ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ ਜਿਸ ਕਰ ਕੇ ਇਨ੍ਹਾਂ ਖੋਜ ਵਿਧੀਆਂ ਨਾਲ ਇਸ ਖੋਜ ਕਾਰਜ ਨੂੰ ਮੁਕੰਮਲ ਕੀਤਾ ਗਿਆ ਹੈ। ਇਸ ਕਾਰਜ ਵਿਚ ਮਨੋਵਿਗਿਆਨਕ ਵਿਧੀ ਤੇ ਸਮਾਜਵਾਦੀ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਸ ਵਿਚ ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ'ਲਈ ਮਨੋਵਿਗਿਆਨਕ ਵਿਧੀ ਦਾ ਇਸਤੇਮਾਲ ਕੀਤਾ ਗਿਆ ਹੈ। ਜਿਸ ਰਾਹੀਂ ਕਹਾਣੀ ਵਿਚਲੇ ਮਨੁੱਖਾਂ ਦੀ ਮਾਨਸਿਕ ਹਾਲਤ ਤੇ ਉਨ੍ਹਾਂ ਦੇ ਮਾਨਵੀਂ ਰਿਸ਼ਤਿਆਂ ਵਿਚ ਹੋ ਰਹੀ ਉਥਲ-ਪੁਥਲ ਨੂੰ ਸਮਝਣ ਵਿਚ ਸਹਾਇਤਾ ਕੀਤੀ ਹੈ। ਖੋਜ ਕਾਰਜ ਵਿਚ ਸਮਾਜਵਾਦੀ ਵਿਧੀ ਰਾਹੀਂ ਸਮਾਜ ਵਿਚਲੀਆਂ ਪ੍ਰਸਥਿਤੀਆਂ ਨੂੰ ਸਮਝਣ ਵਿਚ ਸਹਾਇਤਾ ਕੀਤੀ ਹੈ। ਹਥਲੇ ਖੋਜ ਕਾਰਜ ਵਿਚ ਮਨੋਵਿਗਿਆਨਕ ਵਿਧੀ ਤੇ ਸਮਾਜਵਾਦੀ ਵਿਧੀ ਰਾਹੀਂ ਖੋਜ ਕਾਰਜ ਨੂੰ ਨੇਪਰੇ ਚਾੜ੍ਹਿਆ ਗਿਆ ਹੈ।

### 1.5 ਵਿਸ਼ੇ ਨਾਲ ਸੰਬੰਧਿਤ ਹੋ ਚੁੱਕਾ ਖੋਜ ਕਾਰਜ

ਖੋਜ ਕਾਰਜ ਦੇ ਲਈ ਚੁਣਿਆ ਗਿਆ ਇਹ ਵਿਸ਼ਾ ਬਿਲਕੁਲ ਨਵੀਨ ਅਤੇ ਮੌਲਿਕ ਹੈ ਕਿਉਂਕਿ ਇਸ ਵਿਸ਼ੇ ਉਪਰ ਕਿਸੇ ਵੀ ਯੂਨੀਵਰਸਿਟੀ ਜਾਂ ਅਧਾਰੇ ਵਿਚ ਕੋਈ ਵੀ ਉਪਾਧੀ ਜਾਂ ਡਿਗਰੀ ਨਹੀਂ ਦਿੱਤੀ ਗਈ। ਜਰਨੈਲ ਸਿੰਘ ਦੇ ਪਹਿਲੇ ਸੰਗ੍ਰਹਿਆਂ ਉਤੇ ਕਾਫ਼ੀ ਕੰਮ ਹੋ ਚੁੱਕਿਆ ਹੈ ਜਿਸ ਤੇ ਆਲੋਚਕਾਂ ਤੇ ਪਾਠਕਾਂ ਵੱਲੋਂ ਕਾਫ਼ੀ ਭਰਪੂਰ ਹੁੰਗਾਰਾ ਮਿਲਿਆ ਹੈ।

ਪਰ ਇਹ ਵਿਸ਼ਾ ਅਣਛੋਹਿਆਂ ਹੀ ਜਾਪਦਾ ਹੈ। ਨਵੀਨ ਵਿਸ਼ਾ ਹੋਣ ਕਰਕੇ ਇਸ ਨੂੰ ਹਥਲਾ ਖੋਜ ਕਾਰਜ ਦਾ ਆਧਾਰ ਬਣਾਇਆ ਗਿਆ ਹੈ। ਪੂਰਵ ਖੋਜ ਕਾਰਜ ਦਾ ਵੇਰਵਾ ਇਸ ਪ੍ਰਕਾਰ ਹੈ।

**ਪੀ.ਐਚ.ਡੀ. ਦੇ ਪੱਧਰ 'ਤੇ ਹੋਇਆ ਖੋਜ ਕਾਰਜ**

ਬਲਵਿੰਦਰ ਸਿੰਘ ਨੇ 2011 ਵਿਚ ਕੁਰੂਕੁਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਤੋਂ ਡਾ. ਰਜਿੰਦਰ ਸਿੰਘ ਭੱਟੀ ਦੀ ਨਿਗਰਾਨੀ ਹੇਠ **"ਕਹਾਣੀਕਾਰ ਜਰਨੈਲ ਸਿੰਘ ਅਤੇ ਬਲਬੀਰ ਮੋਮੀ ਦਾ ਤੁਲਨਾਤਮਕ ਅਧਿਐਨ"** ਵਿਸ਼ੇ ਉਤੇ ਖੋਜ ਕਾਰਜ ਕਹਾਣੀਕਾਰਾਂ ਦੀਆਂ ਕਹਾਣੀਆਂ ਦੀ ਤੁਲਨਾ 'ਤੇ ਅਧਾਰਿਤ ਹੈ। ਇਸ ਕਾਰਜ ਵਿਚ ਦੋਵੇਂ ਕਹਾਣੀਕਾਰਾਂ ਤੇ ਉਨ੍ਹਾਂ ਦੀਆਂ ਕਹਾਣੀਆਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ।

ਪਹਿਲਾ ਅਧਿਆਇ - ਤੁਲਨਾਤਮਕ ਸਾਹਿਤ ਅਧਿਐਨ: ਸਿਧਾਂਤਕ

ਦੂਜਾ ਅਧਿਆਇ - ਆਧੁਨਿਕ ਪੰਜਾਬੀ ਕਹਾਣੀ ਦਾ ਸਿਧਾਂਤਕ ਪਰਿਪੇਖ ਅਤੇ ਵਿਕਾਸ

ਤੀਜਾ ਅਧਿਆਇ - ਜਰਨੈਲ ਸਿੰਘ ਦੀਆਂ ਕਹਾਣੀਆਂ ਦਾ ਸਾਹਿਤਕ ਪਿਛੋਕੜ, ਵਿਸ਼ਾਗਤ ਅਧਿਐਨ ਅਤੇ ਸੰਰਚਨਾ ਵਿਧਾਨ

ਚੌਥਾ ਅਧਿਆਇ - ਬਲਬੀਰ ਸਿੰਘ ਮੋਮੀ ਦੀਆਂ ਕਹਾਣੀਆਂ ਦਾ ਸਾਹਿਤਕ ਪਿਛੋਕੜ, ਵਿਸ਼ਾਗਤ ਅਧਿਐਨ ਅਤੇ ਸੰਰਚਨਾ ਵਿਧਾਨ

ਪੰਜਵੇਂ ਅਧਿਆਇ – ਕਹਾਣੀਕਾਰ ਜਰਨੈਲ ਸਿੰਘ ਅਤੇ ਕਹਾਣੀਕਾਰ ਬਲਬੀਰ ਸਿੰਘ ਮੋਮੀ ਦਾ ਤੁਲਨਾਤਮਕ ਅਧਿਐਨ

ਖੋਜ ਕਾਰਜ ਦੇ ਅੰਤ ਵਿਚ ਵਿਸ਼ੇ ਨਾਲ ਸੰਬੰਧਿਤ ਸਾਰ ਅਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਹੈ।

**ਐਮ. ਫ਼ਿਲ ਦੇ ਆਧਾਰ 'ਤੇ ਹੋ ਚੁੱਕਾ ਖੋਜ ਕਾਰਜ**

1. ਹਰਪ੍ਰੀਤ ਕੌਰ, ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ ' ਦੋ ਟਾਪੂ' ਆਲੋਚਨਾਤਮਕ ਅਧਿਐਨ (ਖੋਜ ਨਿਬੰਧ), ਸਕੂਲ ਆਫ਼ ਪੰਜਾਬੀ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1999-2000.

**ਪੁਸਤਕ ਖੋਜ ਕਾਰਜ**

**ਟਾਵਰਜ਼: ਵਸਤੂ, ਵਿਧੀ ਅਤੇ ਦ੍ਰਿਸ਼ਟੀ, ਡਾ. ਕਰਮਜੀਤ ਸਿੰਘ ਅਤੇ ਡਾ. ਹਰਸਿਮਰਨ ਸਿੰਘ ਰੰਧਾਵਾ ਵੱਲੋਂ ਸੰਪਾਦਿਤ ਪੁਸਤਕ ਹੈ ਜੋ ਕਿ ਦਿੱਲੀ, ਐਮ. ਪੀ. ਪ੍ਰਕਾਸ਼ਨ, ਵੱਲੋਂ 2006 ਸੰਨ ਵਿਚ ਪ੍ਰਕਾਸ਼ਿਤ ਕੀਤੀ ਗਈ।** ਇਸ ਪੁਸਤਕ ਖੋਜ ਕਾਰਜ ਵਿਚ ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਟਾਵਰਜ਼' ਤੇ ਵੱਖ-ਵੱਖ ਵਿਦਵਾਨਾਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਇਸ ਨੂੰ ਅਧਿਐਨ ਦਾ ਵਿਸ਼ਾ ਬਣਾਇਆ। ਇਸ ਦੀ ਉਚ ਪੱਧਰਤਾ ਨੂੰ ਦੇਖਦਿਆਂ ਤੇ ਵਾਚਦਿਆਂ ਹੋਇਆ ਖੋਜ ਵਿਦਿਆਰਥੀਆਂ ਤੇ ਵਿਦਵਾਨਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

ਅੰਗਰੇਜ਼ੀ ਸਾਹਿਤ ਵਿਦਵਾਨ ਡਾ. ਜਸਬੀਰ ਨੇ ਇਸ ਕਹਾਣੀ ਸੰਗ੍ਰਹਿ ਵਿਚ ਦੋ ਸਭਿਆਤਾਵਾਂ ਦੇ ਟਕਰਾਅ ਦੀ ਪੇਸ਼ਕਾਰੀ ਕਰਦਾ ਹੈ ਜੋ ਇਕ ਗੁੰਝਲਦਾਰ ਬਿਰਤਾਂਤ ਰਾਹੀਂ ਸਾਹਮਣੇ ਆਉਂਦਾ ਹੈ।

ਡਾ. ਸੁਖਦੇਵ ਸਿੰਘ ਖਾਹਰਾ ਨੇ ਕਹਾਣੀ ਸੰਗ੍ਰਹਿ 'ਟਾਵਰਜ਼: ਸੰਵਾਦ ਮੁੱਖ ਬਿਰਤਾਂਤ ਦਾ ਸਿਰਜਣ' ਵਿਚ ਇਸ ਕਹਾਣੀ ਦਾ ਨਿਚੋੜ ਦੱਸਦਿਆਂ ਕਿਹਾ ਹੈ ਕਿ ' ਇਹ ਰਚਨਾ ਵਿਸ਼ਵ ਵਿਆਪਕ ਸਰੋਕਾਰਾਂ ਨਾਲ ਸੰਬੰਧਿਤ ਹੈ।' ਇਸ ਵਿਚ ਅਜੋਕੇ ਦੌਰ ਵਿਚ ਮਨੁੱਖਤਾ ਦੇ ਦਰਪੇਸ਼ ਮਸਲਿਆਂ ਨੂੰ ਵਡੇਰੀ ਮਾਨਵੀਂ ਦ੍ਰਿਸ਼ਟੀ ਦੇ ਨੁਕਤੇ ਤੋਂ ਮੁਖ਼ਾਤਿਬ ਹੋਇਆ ਹੈ। ਇਸ ਨਾਲ ਜਰਨੈਲ ਸਿੰਘ ਦੀ ਬਿਰਤਾਂਤ ਕਲਾ 'ਕੈਨੇਡੀਅਨ ਪੰਜਾਬੀ ਸਾਹਿਤ' ਦੇ ਸੰਦਰਭ ਤੋਂ ਅੱਗੇ ਉੱਤਰੀ ਅਮਰੀਕੀ ਸੰਦਰਭ ਹੀ ਨਹੀਂ ਸਗੋਂ ਅੰਤਰ-ਰਾਸ਼ਟਰੀ ਸੰਦਰਭ ਗ੍ਰਹਿਣ ਕਰ ਲੈਂਦੀ ਹੈ। ਇਸ ਪ੍ਰਕਾਰ ਇਹ ਬਿਰਤਾਂਤ ਦੁਨੀਆਂ ਦੀ ਕਿਸੇ ਵੀ ਜ਼ੁਬਾਨ ਦੇ ਅਦਬ ਦਾ ਅੰਗ ਬਣ ਸਕਦਾ ਹੈ।

ਡਾ. ਜਸਵਿੰਦਰ ਸਿੰਘ ਨੇ 'ਟਾਵਰਜ਼ ਕਹਾਣੀ: ਕੁਝ ਪਾਠ ਮੂਲਕ ਅੰਤਰ – ਦ੍ਰਿਸ਼ਟੀਆਂ ' ਲੇਖ ਵਿਚ ਕਈ ਬਿਰਤਾਂਤਕ ਮਸਲਿਆਂ ਲੋਟੂ ਗੁੰਡਾਗਰਦੀ, ਦੂਜੇ ਮੁਲਕਾਂ ਨੂੰ ਡਰਾਉਣ, ਧਮਕਾਉਣ ਅਤੇ ਈਨ ਮਨਾਉਣ ਦੀਆਂ ਚਾਲਾਂ ਤੇ ਆਰਥਿਕਤਾ ਵਿਚਲੀਆਂ ਅੰਦਰੂਨੀ ਪਰਤਾਂ ਨੂੰ ਪੇਸ਼ ਕੀਤਾ ਹੈ।

ਡਾ. ਸਰਬਜੀਤ ਸਿੰਘ ਨੇ ਇਸ ਕਹਾਣੀ ਸੰਗ੍ਰਹਿ ਵਿਚ ਸੰਤਾਪ ਤੇ ਦੁਖਾਂਤ ਬਿਰਤਾਂਤ ਪੇਸ਼ ਕੀਤਾ ਹੈ। ਉਸ ਨੇ ਇਨ੍ਹਾਂ ਕਹਾਣੀਆਂ ਵਿਚ ਕਿਧਰੇ ਰਾਜਨੀਤਕ ਸਦਕਾ ਦੁਖਾਂਤ ਪੇਸ਼ ਕੀਤਾ ਹੈ ਅਤੇ ਕਿਧਰੇ ਮਨੁੱਖ ਧੰਨ ਸ਼ਕਤੀ ਦੀ ਕਾਮਨਾ ਨਾਲ ਮਨੁੱਖ ਗੁਆਚ ਦਾ ਦੁਖਾਂਤ ਬਿਆਨ ਕੀਤਾ ਹੈ।

ਅਰਵਿੰਦਰ ਕੌਰ ਨੇ ਟਾਵਰਜ਼ ਕਹਾਣੀ ਸੰਗ੍ਰਹਿ ਵਿਚ ਔਰਤਾਂ ਦੇ ਵਿਭਿੰਨ ਰੂਪਾਂ ਵੱਲ ਧਿਆਨ ਦੁਆਇਆ ਹੈ। ਇਨ੍ਹਾਂ ਕਹਾਣੀਆਂ ਵਿਚ ਔਰਤਾਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਉਸ ਨੇ ਔਰਤ ਪਾਤਰ ਨੂੰ ਕਿਸੇ ਉਲਾਰ ਦਾ ਸ਼ਿਕਾਰ ਨਹੀਂ ਦੱਸਿਆ ਹੈ। ਉਹ ਮਾਨਸਿਕ ਤਣਾਉ, ਰਿਸ਼ਤਿਆਂ ਦੇ ਟੁੱਟਣ ਦਾ ਤਣਾਉ, ਸਮੂਹਿਕ ਤਣਾਉ, ਮਮਤਾਮਈ ਵਿਚ ਗੜੁੱਚ ਹੋਈ ਨੂੰ ਭੋਗਦੀ ਹੈ ਤੇ ਪਰ ਉਹ ਵਿਅਕਤੀਗਤ ਸੁਤੰਤਰਤਾ ਲਈ ਤੇ ਸਮੂਹਿਕ ਕਾਰਜਾਂ ਵਿਚ ਯੋਗਦਾਨ ਵੀ ਪਾਉਦੀਆਂ ਹਨ।

ਜਸਬੀਰ ਸਮਰ ਨੇ ' ਟਾਵਰਜ਼ ' ਕਹਾਣੀ ਸੰਗ੍ਰਹਿ ਵਿਚ ਮਾਨਵੀ ਰਿਸ਼ਤਿਆਂ ਦੀ ਤਰਲਤਾ ਨੂੰ ਫੜ੍ਹਨ ਦਾ ਯਤਨ ਕੀਤਾ ਹੈ। ਭਗਵਾਨ ਦਾਸ ਸੁੱਜੋਂ ਨੇ ਬਹੁਪਰਤੀ ਬਿਰਤਾਂਤ ਰਾਹੀਂ ਤਿੰਨ ਪੀੜ੍ਹੀਆਂ ਦੇ ਬਿਰਤਾਂਤ ਨਾਲ ਮਾਨਸਿਕ ਵਿਕਾਰ, ਅੰਤਰ – ਰਾਸ਼ਟਰੀ ਉਥਲ – ਪੁਥਲ ਨੂੰ ਬਾਖ਼ੂਬੀ ਢੰਗ ਨਾਲ ਪੇਸ਼ ਕੀਤਾ ਹੈ।

2. **ਜਰਨੈਲ ਸਿੰਘ ਦੀ ਰਚਨਾ – ਦ੍ਰਿਸ਼ਟੀ (ਦੋ ਟਾਪੂ ਦੇ ਪ੍ਰਸੰਗ ਵਿਚ ) ਗੁਰਮੀਤ ਕੱਲਰਮਾਜਰੀ (ਸੰਪ.) ਪਰਮੇਸ ਸਿੰਘ ਫੋਰਮੈਨ ਯਾਦਗਾਰੀ ਪ੍ਰਕਾਸ਼ਨ, ਭਾਦਸੋਂ (ਪਟਿਆਲਾ) ਵੱਲੋਂ 2001 ਵਿਚ ਪ੍ਰਕਾਸ਼ਿਤ ਕੀਤੀ ਗਈ।** ਇਸ ਪੁਸਤਕ ਖੋਜ ਕਾਰਜ ਵਿਚ ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ ' ਦੋ ਟਾਪੂ ' ਤੇ ਵੱਖ-ਵੱਖ ਸੰਪਾਦਕਾਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਇਸ ਦਾ ਅਧਿਐਨ ਕੀਤਾ ਹੈ।

ਜਰਨੈਲ ਸਿੰਘ ਦੀ ਕਹਾਣੀ 'ਦੋ ਟਾਪੂ ' ਦੀ ਸੰਰਚਨਾ ਵਿਚ ਡਾ. ਸੁਤਿੰਦਰ ਸਿੰਘ ਨੂਰ ਨੇ ਜਰਨੈਲ ਸਿੰਘ ਦੀ ਸੰਰਚਨਾ ਬਾਰੇ ਦੱਸਿਆ ਗਿਆ ਹੈ। ਉਸ ਨੇ ਦੱਸਿਆ ਹੈ ਕਿ ਉਹ ਆਪਣੀਆਂ ਕਹਾਣੀਆਂ ਵਿਚ ਗਲਪੀ-ਯੋਗਤਾ ਦੀ ਵਰਤੋਂ ਕਰਦਾ ਹੈ।

ਦੋ ਟਾਪੂ: ਮਸਲੇ ਪ੍ਰਵਾਸ ਦੇ, ਰਿਸ਼ਤਿਆਂ ਦੀ ਰਾਜਨੀਤੀ ਵਿਚ ਡਾ. ਜਗਬੀਰ ਸਿੰਘ ਨੇ ਇਸ ਸੰਗ੍ਰਹਿ ਦੀਆਂ ਕਹਾਣੀਆਂ ਮੂਲ ਰੂਪ ਵਿਚ ਪ੍ਰਵਾਸੀ ਜੀਵਨ – ਅਨੁਭਵ ਨਾਲ ਸੰਬੰਧਿਤ ਹਨ। ਉਸ ਨੇ ਸਿਰਜਤ ਸੰਸਾਰ ਵਿਚ ਪ੍ਰਵਾਸੀ ਮਸਲਿਆਂ ਨੂੰ ਅਗਰਭੂਮੀ ਵਿਚ ਨਹੀਂ ਸਗੋਂ ਪਿਛੋਕੜ ਵਿਚ ਰੱਖਿਆ ਹੈ। ਇਸ ਵਿਚ ਮਨੁੱਖੀ ਰਿਸ਼ਤਿਆਂ ਵਿਚ, ਸਭਿਆਚਾਰ ਆਦਿ ਵਿਚ ਆ ਰਹੇ ਪਰਿਵਰਤਨ ਨੂੰ ਵੀ ਪੇਸ਼ ਕੀਤਾ ਹੈ। ਜਿਸ ਨਾਲ ਪ੍ਰਵਾਸੀਆਂ ਦਾ ਜੀਵਨ, ਰਿਸ਼ਤੇ ਤੇ ਕਦਰਾਂ- ਕੀਮਤਾਂ ਆਦਿ ਟੁੱਟ- ਭੱਜ ਤੇ ਸੰਕਟ ਦਾ ਸ਼ਿਕਾਰ ਹੋ ਰਹੇ ਹਨ।

'ਦੋ ਟਾਪੂ ' ਦੇ ਸੰਦਰਭ ਵਿਚ ਜਰਨੈਲ ਸਿੰਘ ਦਾ ਕਥਾ ਜਗਤ ਵਿਚ ਡਾ. ਕਰਮਜੀਤ ਸਿੰਘ ਨੇ ਕਿਹਾ ਹੈ ਕਿ ਜਰਨੈਲ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਨਿਮਨ ਕਿਸਾਨੀ, ਫੋਜੀ ਜੀਵਨ, ਮੱਧਵਰਗੀ ਜੀਵਨ ਨਾਲ ਸੰਬੰਧਿਤ ਆਦਿ ਵਿਸ਼ਿਆਂ ਨੂੰ ਯਥਾਰਥਕ – ਭਾਵ ਨਾਲ ਪੇਸ਼ ਕਰ ਕੇ ਚਰਚਿਤ ਕੀਤਾ ਹੈ।

ਦੋ ਟਾਪੂ: ਪੀੜ੍ਹੀ – ਪਾੜ੍ਹਾ ਅਤੇ ਪਰਿਵਾਰਿਕ ਸੰਬੰਧ ਵਿਚ ਡਾ. ਗੁਰਦੇਵ ਸਿੰਘ ਚੰਦੀ ਨੇ ਇਸ ਵਿਚ ਪੜ੍ਹੇ ਲਿਖੇ ਜਾਂ ਘੱਟ ਪੜ੍ਹੇ ਲਿਖੇ ਲੋਕਾਂ ਵਿਚ ਆਪਸੀ ਸੰਬੰਧਾਂ ਤੇ ਪਰਿਵਾਰਾਂ ਵਿਚ ਹੋ ਰਹੀ ਟੁੱਟ – ਭੱਜ, ਪੀੜ੍ਹੀ – ਪਾੜ੍ਹਾ, ਆਰਥਿਕ ਸਥਿਤੀਆਂ, ਨਵੀਂ ਪੁਰਾਣੀ ਪੀੜ੍ਹੀ ਦੇ ਮਸਲੇ, ਸਭਿਆਚਾਰਕ ਪ੍ਰਵਿਰਤੀਆਂ ਵਿਚ ਜ਼ਿੰਦਾਦਿਲੀ ਨੂੰ ਪੇਸ਼ ਕੀਤਾ ਹੈ।

ਦੋ ਟਾਪੂ ਦਾ ਬਿਰਤਾਂਤਕ ਮਾਡਲ ਵਿਚ ਡਾ. ਸੁਖਪਾਲ ਸਿੰਘ ਥਿੰਦ ਨੇ ਇਸ ਵਿਚ ਦੋ ਸਮੂਹਾਂ ਦੇ ਆਪਸ ਵਿਚ ਟਕਰਾਅ, ਮਨੋ ਸਥਿਤੀ ਗੁੰਝਲ ਦੇ ਟਕਰਾਅ ਨੂੰ ਬਿਰਤਾਂਤਕ ਢੰਗ ਵਿਚ ਪੇਸ਼ ਕੀਤੇ ਹਨ।

'ਦੋ ਟਾਪੂ ' – ਸਮਾਜ ਸ਼ਾਸਤਰੀ ਪਰਿਪੇਖ ਵਿਚ ਡਾ. ਗੁਰਮੀਤ ਕੱਲਰਮਾਜਰੀ ਨੇ ' ਦੋ ਟਾਪੂ ' – ਸਮਾਜ ਸ਼ਾਸਤਰੀ ਪਰਿਪੇਖ ਵਿਚ ਡਾ. ਗੁਰਮੀਤ ਕੱਲਰਮਾਜਰੀ ਨੇ ਦੱਸਿਆ ਹੈ ਕਿ ਸਮਾਜ ਵਿਚ ਅੰਤਰ-ਸਭਿਆਚਾਰ ਵਰਤਾਰੇ ਨੂੰ ਦੋ ਧਰਾਤਲ ਦੇ ਅਸਤਿਤਵ, ਪਛਾਣ, ਦੁਖਾਂਤ, ਸਮਾਜਿਕ, ਆਰਥਿਕ ਤੇ ਰਾਜਨੀਤਕ ਪ੍ਰਬੰਧ ਬਾਰੇ ਪੇਸ਼ ਕਰਦਾ ਹੈ।

## 1.6 ਪੰਜਾਬੀ ਕਹਾਣੀ: ਸਿਧਾਂਤਕ ਪਰਿਪੇਖ

### 1.6.1 ਕਹਾਣੀ ਦਾ ਨਾਮਕਰਨ

ਕਹਾਣੀ ਤੇ ਮਨੁੱਖ ਦੋਵੇਂ ਨਾਲੋਂ ਨਾਲ ਚੱਲਦੇ ਆ ਰਹੇ ਹਨ। ਜਿਸ ਕਰ ਕੇ ਕਹਾਣੀ ਮਨੁੱਖ ਜਿਤਨੀ ਹੀ ਪੁਰਾਣੀ ਹੈ। ਕਹਾਣੀ ਵਿਧਾ ਦੇ ਨਾਮਕਰਨ ਲਈ ਸਾਨੂੰ ਪੁਰਾਤਨ ਸਮੇਂ ਦੇ ਖ਼ਜਾਨਿਆ ਨੂੰ ਲੱਭਣਾ ਪਵੇਗਾ। ਮੱਧਕਾਲ ਸਮੇਂ ਵਿਚ ਕਹਾਣੀ ਲਈ ਸੰਸਕ੍ਰਿਤ ਦੇ ਸ਼ਬਦ ' ਕਥਾ ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਸੁਵਿੰਦਰ ਸਿੰਘ ਉੱਪਲ ਅਨੁਸਾਰ:- "ਕਹਾਣੀ ਸ਼ਬਦ ਸੰਸਕ੍ਰਿਤ ਦੇ ' ਕਥਾ ' ਸ਼ਬਦ ਤੋਂ ਨਿਕਲਿਆ ਹੈ ਜੋ ਪ੍ਰਾਕ੍ਰਿਤ, ਪੈਸ਼ਾਚੀ ਵਿਚ 'ਕਹਾ' ਵਿਚ ਵਟ ਗਿਆ।"[1] ਪੰਜਾਬੀ ਕੋਸ਼ ਅਨੁਸਾਰ "ਕਹਾਣੀ ਤੋਂ ਭਾਵ 'ਕਥਾਨਕ, ਕਥਾ, ਕਿੱਸਾ, ਵਾਰਤਾ, ਬਾਤ, ਗਲਪ, ਅਫ਼ਸਾਨਾ, ਮਨਘੜਤ ਗੱਲ' ਹੈ।"[2]

ਡਾ. ਬਲਦੇਵ ਸਿੰਘ ਧਾਲੀਵਾਲ ਅਨੁਸਾਰ:- "ਮੱਧਕਾਲੀ ਅਧਿਆਤਮਕ ਚੇਤਨਾ ਦੀ ਪ੍ਰਧਾਨਤਾ ਵਾਲੇ ਯੁੱਗ-ਚਿੰਤਨ ਅਨੁਕੂਲ ਇਹ ਸੰਕਲਪ (ਕਥਾ) ਰੂੜ੍ਹ ਹੋ ਚੁੱਕਾ ਹੈ। ਇਸ ਲਈ ਆਧੁਨਿਕ ਕਾਲ ਵਿਚਲੀ ਇਸ ਬਿਰਤਾਂਤਕ ਵਿਧਾ ਲਈ ਪੂਰੀ ਤਰ੍ਹਾਂ ਢੁਕਵਾਂ ਨਹੀਂ ਕਿਹਾ ਜਾ ਸਕਦਾ। ਆਧੁਨਿਕ ਰਚਨਾਕਾਰਾਂ ਅਤੇ ਸਮੀਖਿਆਕਾਰਾਂ ਨੇ ਇਸ ਵਿਧਾ ਲਈ 'ਕਹਾਣੀ' ਸ਼ਬਦ ਦੀ ਵਰਤੋਂ ਵਧੇਰੇ ਢੁਕਵੀਂ ਸਮਝੀ। ਅੰਗਰੇਜ਼ੀ ਭਾਸ਼ਾ ਵਿਚ ਇਸ ਵਿਧਾ ਦਾ ਨਾਂ 'ਸ਼ਾਰਟ ਸਟੋਰੀ' ਹੈ।"[3] ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਹਾਣੀ ਸੰਸਕ੍ਰਿਤ ਦੇ ਸ਼ਬਦ'ਕਥਾ' ਦੀ ਵਰਤੋਂ ਕੀਤੀ ਹੈ ਅਤੇ ਕਹਾਣੀ ਵਿਧਾ ਲਈ ਅੰਗਰੇਜ਼ੀ ਦਾ ਸ਼ਬਦ'ਸ਼ਾਰਟ ਸਟੋਰੀ'(ਨਿੱਕੀ ਕਹਾਣੀ) ਵੀ ਵਰਤਿਆ ਗਿਆ ਹੈ।

### 1.6.2 ਕਹਾਣੀ ਦੀ ਪਰਿਭਾਸ਼ਾਵਾਂ

ਕਹਾਣੀ ਮਨੁੱਖ ਜਿੰਨੀ ਪੁਰਾਣੀ ਹੈ, ਇਸ ਕਰਕੇ ਇਸ ਦੇ ਅਰਥ ਨੂੰ ਲਭਣ ਲਈ ਸਾਨੂੰ ਪੁਰਾਤਨ ਖਜ਼ਾਨਿਆਂ ਨੂੰ ਖੋਜਣਾ ਪਵੇਗਾ। ਕਹਾਣੀ ਦੀ ਆਤਮਾ ਨੂੰ ਪਹਿਚਾਨਣ ਲਈ ਵੱਖਰੋ-ਵੱਖਰੀਆਂ ਪਰਿਭਾਸ਼ਾਵਾਂ ਨੂੰ ਜਾਣਨਾ ਜ਼ਰੂਰੀ ਹੈ। ਹਰ ਸਾਹਿਤ ਰੂਪ ਵਾਂਗ ਪੰਜਾਬੀ ਸਾਹਿਤ ਰੂਪ ਵਿਚ ਵੀ ਕਹਾਣੀ ਸੰਬੰਧੀ ਵੱਖ-ਵੱਖ ਵਿਦਵਾਨਾਂ ਤੇ ਚਿੰਤਕਾਂ ਨੇ ਵੱਖਰੋ-ਵੱਖਰੀਆਂ ਪਰਿਭਾਸਾਵਾਂ ਤੇ ਧਾਰਨਾਵਾਂ ਨੂੰ ਪੇਸ਼ ਕੀਤਾ ਹੈ।

**ਵਿਦੇਸ਼ੀ ਚਿੰਤਕਾਂ ਅਨੁਸਾਰ**

ਐਚ.ਜੀ.ਵੈਲਜ਼ ਅਨੁਸਾਰ :- "ਨਿੱਕੀ ਕਹਾਣੀ ਵਿਚ ਦੋ ਗੱਲਾਂ ਦਾ ਹੋਣਾ ਜ਼ਰੂਰੀ ਮੰਨਣਾ ਹੈ। ਇਕ ਤਾਂ ਇਹ ਕਿ ਇਹ ਇਤਨੀ ਨਿੱਕੀ ਹੋਵੇ ਜੋ ਪੰਦਰ੍ਹਾਂ ਤੋਂ ਤੀਹਾਂ ਮਿੰਟਾਂ ਵਿਚ ਪੜ੍ਹੀ ਜਾ ਸਕੇ ਅਤੇ ਦੂਜੇ ਇਹ ਕਿਸੇ ਗੱਲ ਨੂੰ ਵਧੀਆ ਕਲਾ ਰਾਹੀਂ ਇਸ ਤਰ੍ਹਾਂ ਪ੍ਰਭਾਵਸ਼ਾਲੀ ਤਰੀਕੇ ਨਾਲ ਕਹਿ ਸਕੇ ਕਿ ਉਹ ਹਲੂਣੇ ਨਾਲ ਪਾਠਕ ਦੀ ਅੱਖ ਵਿਚ ਚਮਕ ਪੈਦਾ ਕਰ ਦੇਵੇ।"[4]

ਸਾਮਰਸੈਟ ਮਾਅਮ ਅਨੁਸਾਰ :- "ਇਕ ਸਫ਼ਲ ਨਿੱਕੀ ਕਹਾਣੀ ਗਲਪ ਦਾ ਉਹ ਟੋਟਾ ਹੈ ਜੋ ਸਾਧਾਰਣ ਘਟਨਾ ਨੂੰ ਮੌਲਕ ਤਰੀਕੇ ਨਾਲ ਇੰਜ ਪੇਸ਼ ਕਰਦਾ ਹੈ ਕਿ ਉਹ ਇਕੋ ਬੈਠਕ ਵਿਚ ਪੜ੍ਹਿਆ ਜਾ ਸਕੇ। ਇਸ ਲਈ ਇਹ ਜ਼ਰੂਰੀ ਹੈ ਕਿ ਇਹ ਇੰਜ ਚਮਕ ਪੈਦਾ ਕਰੇ, ਉਤੇਜਤ ਜਾਂ ਪ੍ਰਭਾਵਤ ਕਰੇ ਕਿ ਪ੍ਰਭਾਵ ਦੀ ਏਕਤਾ ਅਧੀਨ ਇਹ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਇਕੋ ਰੰਗ ਵਿਚ ਬੱਝੀ ਚਲੀ ਜਾਏ।"[5]

ਪ੍ਰਸਿੱਧ ਵਿਦਵਾਨ ਡਬਲਿਊ.ਐਚ.ਹਡਸਨ ਅਨੁਸਾਰ :- "ਇਕ ਨਿੱਕੀ ਕਹਾਣੀ ਲਈ ਜ਼ਰੂਰੀ ਹੈ ਕਿ ਇਸ ਵਿਚ ਸਿਰਫ਼ ਤੇ ਸਿਰਫ਼ ਇਕੋ ਸੂਚਨਾਮਈ ਵਿਚਾਰ ਹੋਵੇ ਤੇ ਉਹ ਵਿਚਾਰ ਕਿਸੇ ਨਿਆਂ – ਸੰਗਤ ਜੁਗਤੀ ਨਾਲ ਇਸ ਤਰ੍ਹਾਂ ਸਮਾਇਆ ਹੋਵੇ ਕਿ ਉਸ ਵਿਚੋਂ ਪ੍ਰਭਾਵ ਦੀ ਏਕਤਾ ਦਾ ਝਲਕਾਰਾ ਪਵੇ।"[6]

ਐਡਵਰਡ ਜੀ. ਬਰਾਊਨ ਅਨੁਸਾਰ :- "ਭਾਰਤ ਅਤੇ ਫਾਰਸ ਦੇ ਵਸਨੀਕ ਕਿਸੇ ਸਮੇਂ ਇਕੋ ਥਾਂ ਤੇ ਰਲ ਕੇ ਰਹਿੰਦੇ ਰਹੇ ਹਨ ਅਤੇ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਉਹ ਧਰਤੀ ਪੰਜਾਬ ਹੀ ਸੀ ਜਿਥੋਂ ਆਰੀਆ ਵਾਸੀ ਫਾਰਸ ਅਤੇ ਸੰਸਾਰ ਦੇ ਹੋਰ ਪਾਸਿਆਂ ਵਲ ਟੋਲੇ ਬਣਾ ਕੇ ਤੁਰ ਪਏ।"[7]

**ਭਾਰਤੀ ਤੇ ਹਿੰਦੀ ਚਿੰਤਕਾਂ ਅਨੁਸਾਰ**

ਕਹਾਣੀ ਦੀ ਪਰਿਭਾਸ਼ਾ ਸੰਬੰਧੀ ਹਿੰਦੀ ਜਗਤ ਪ੍ਰਸਿੱਧ ਨਾਵਲਕਾਰ ਤੇ ਕਹਾਣੀਕਾਰ ਮੁਨਸ਼ੀ ਪ੍ਰੇਮ ਚੰਦ ਅਨੁਸਾਰ :- "ਕਹਾਣੀ ਇਕ ਅਜਿਹੀ ਕਵਿਤਾ ਹੈ, ਜਿਸ ਵਿਚ ਜੀਵਨ ਦੇ ਇਕ ਅੰਗ ਜਾਂ ਭਾਵ ਦਾ ਪ੍ਰਦਰਸ਼ਨ ਹੁੰਦਾ ਹੈ।"[8]

ਡਾ. ਕਮਲੇਸ਼ਵਰ 'ਨਈ ਕਹਾਨੀ ਕੀ ਭੂਮਿਕਾ' ਵਿਚ ਕਹਾਣੀ ਵਿਧਾ ਸੰਬੰਧੀ ਆਪਣਾ ਮੱਤ ਪ੍ਰਗਟ ਕਰਦਾ ਹੋਇਆ ਲਿਖਦਾ ਹੈ :- "ਕਹਾਣੀ ਹੁਣ ਆਪੇ ਵਿਚ ਇਕ ਪੂਰੀ ਹੋਂਦ ਹੈ। ਉਹ ਨਾ ਜੀਵਨ ਦਾ ਵਿਸ਼ਲੇਸ਼ਣ ਹੈ ਅਤੇ ਨਾ ਹੀ ਸਮੱਸਿਆਵਾਂ ਦਾ ਸੰਚਾਰਨ ਅਤੇ ਨਾ ਗੁੱਝੇ ਭੇਦ ਦੀ ਖੋਜ ਹੈ। ਉਹ ਆਪਣੇ ਪੂਰੇ ਜਾਂ ਅਧੂਰੇ ਵਸਤੂਗਤ ਜਾਂ ਭਾਵ ਸਭ ਦਾ ਸਾਖਿਆਤਕਾਰ ਰੂਪ ਹੈ। ਕਹਾਣੀ ਝੂਠ ਵਿਚੋਂ ਨਾ ਹੋ ਕੇ ਸਚਾਈ ਦੇ ਪ੍ਰਮਾਣ ਵਿਚੋਂ ਲੰਘਣ ਦੀ ਅਨੁਭਵ ਯੁਕਤ ਪ੍ਰਕਿਰਿਆ ਹੈ।"[9]

**ਪੰਜਾਬੀ ਚਿੰਤਕਾਂ ਅਨੁਸਾਰ**

ਸੰਤ ਸਿੰਘ ਸੇਖੋਂ ਅਨੁਸਾਰ :- "ਕਹਾਣੀ ਵਿਚ ਇਕ ਤਿਖੀ ਚੁੰਝ ਹੋਣੀ ਚਾਹੀਦੀ ਹੈ, ਇਕ ਸੰਗੀਨ ਦੀ ਚੁੰਝ ਵਰਗੀ, ਇਕ ਤੀਰ ਦੀ ਚੁੰਝ ਵਰਗੀ, ਜੋ ਸਿੱਧੀ ਸੁਣਨ ਪੜ੍ਹਨ ਵਾਲਿਆਂ ਦੇ ਦਿਲ ਵਿਚ ਖੁਭ ਜਾਵੇ।"[10]

ਡਾ. ਅਤਰ ਸਿੰਘ ਇਕ ਥਾਂ ਤੇ ਲਿਖਦਾ ਹੈ, "ਨਿੱਕੀ ਕਹਾਣੀ ਸਾਧਾਰਣ ਮਨੁੱਖ ਨੂੰ ਉਸ ਦੀ ਸਾਧਾਰਣਤਾ ਵਿਚ ਪੇਸ਼ ਕਰਦੀ ਹੈ।"[11]

ਰੀਵਰ ਅਤੇ ਬੋਸਵੈੱਲ ਕਹਾਣੀ ਦੇ ਬਿਰਤਾਂਤਕ ਅੰਸ਼ ਦੀ ਪਰਿਭਾਸ਼ਾ ਦਿੰਦੇ ਹੋਏ ਆਖਦੇ ਹਨ ਕਿ “ਲੋਕ ਕਹਾਣੀ (folk tale) ਲੋਕਧਾਰਾ (folklore) ਦੇ ਬਾਣੀਗਤ ਰੂਪ (ਲੋਕ ਸਾਹਿਤ) ਦਾ ਅਜਿਹਾ ਅੰਗ ਹੈ, ਜਿਸ ਵਿਚ ਬਿਰਤਾਂਤ ਦਾ ਹੋਣਾ ਆਵੱਸ਼ਕ ਹੈ।”[12]

ਡਾ.ਜੀਤ ਸਿੰਘ ਜੋਸ਼ੀ ਅਨੁਸਾਰ :- “ਨਿੱਕੀ ਕਹਾਣੀ ਇਕ ਅਜਿਹਾ ਲਘੂ ਅਤੇ ਵਿਲੱਖਣ ਸਾਹਿਤ ਰੂਪ ਹੈ, ਜਿਸ ਵਿਚ ਅਨੇਕ ਪੱਖੀ ਜੀਵਨ ਦੇ ਕੇਵਲ ਇਕ ਪੱਖ ਨੂੰ ਦਰਸਾਇਆ ਜਾਂਦਾ ਹੈ।”[13]

ਗੁਰਮੁਖ ਸਿੰਘ ਜੀਤ ਅਨੁਸਾਰ :- “ਕਿਸੇ ਗੱਲ ਦੇ ਨਾਟਕੀ ਬਿਆਨ ਨੂੰ ਕਹਾਣੀ ਆਖਦੇ ਹਨ।”[14]

### 1.6.3 ਕਹਾਣੀ ਦਾ ਇਤਿਹਾਸਕ ਸਫ਼ਰ

ਕਹਾਣੀ ਦੀ ਸ਼ੁਰੂਆਤ 19 ਵੀ. ਸਦੀ ਦਾ ਪਿਛਲਾ ਅੱਧ ਅਤੇ 20 ਵੀ. ਸਦੀ ਦੇ ਕੁਝ ਮੁਢਲੇ ਦਹਾਕੇ ਨੂੰ ਮੰਨਿਆ ਜਾਂਦਾ ਹੈ। ਸੰਸਾਰ ਭਰ ਵਿਚ ਹੁਨਰੀ ਨਿੱਕੀ ਕਹਾਣੀ ਨੇ ਕਹਾਣੀ ਦੀ ਹੋਂਦ ਵਿਚ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਪੰਜਾਬੀ ਕਹਾਣੀ ਦੇ ਸਾਹਿਤਕ ਪਿਛੋਕੜ ਵਿਚ ਸਭ ਤੋਂ ਵੱਧ ਯੋਗਦਾਨ ਮਿਸ਼ਨਰੀ ਈਸਾਈ ਪਾਦਰੀਆਂ ਦਾ ਹੈ। ਜਦੋਂ ਅੰਗਰੇਜ਼ਾ ਨੇ ਭਾਰਤ ਉੱਤੇ ਪੂਰਾ ਕਬਜ਼ਾ ਕਰ ਲਿਆ ਸੀ ਤਾਂ ਉਨ੍ਹਾਂ ਤੋਂ ਇਲਾਵਾ ਜੋ ਸੰਸਥਾਵਾਂ ਨੇ ਵੀ ਜਿਵੇਂ ਈਸਾਈ ਮਿਸ਼ਨਰੀਆਂ ਵੇ ਵੀ ਆਪਣੇ ਧਰਮ ਦੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਕਹਾਣੀ ਵਿਚ ਨਵੇਂ ਪਾਸਾਰ ਲਈ ਬਹੁਤ ਸਾਰੀਆਂ ਲਿਖਤਾਂ ਲਿਖ ਕੇ ਛਾਪੇਖ਼ਾਨੇ ਰਾਹੀਂ ਛਪਵਾ ਕੇ ਇਸ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਉਹ ਜਾਣਦੇ ਸਨ ਕਿ ਕਹਾਣੀ ਹੀ ਇਕ ਅਜਿਹੀ ਵਿਧਾ ਹੈ ਜਿਸ ਦੁਆਰਾ ਪ੍ਰਚਾਰ ਦੀ ਕੌੜੀ ਕੁਕੀਨ ਨੂੰ ਖੰਡ ਵਿਚ ਲਪੇਟ ਸਕਣ ਵਿਚ ਸਹਾਇਕ ਹੈ। ਪੰਜਾਬ ਰਿਲੀਜਸ ਬੁਕ ਸੁਸਾਇਟੀ ਨੇ 1877 ਵਿਚ ‘ਬਾਈਬਲ ਦੀਆਂ ਕਹਾਣੀਆਂ ਲੁਧਿਆਣਾ ਮਿਸ਼ਨ ਪ੍ਰੈਸ ਦੇ ਨਾਂ ਹੇਠਾਂ ਕਈ ‘ਚੋਪਤਰੇ’ਛਪਵਾਏ। ਇਨ੍ਹਾਂ ਤੋਂ ਬਾਅਦ ਟਰੈਲ ਲਿਖ ਕੇ ਛਾਪ ਵੰਡਣ ਦੀ ਪ੍ਰਥਾ ਦਾ ਆਰੰਭ ਕੀਤਾ। ਭਾਈ ਵੀਰ ਸਿੰਘ ਨੇ ਖਾਲਸਾ ਟਰੈਕਟ ਸੋਸਾਇਟੀ ਅੰਮ੍ਰਿਤਸਰ ਦੀ ਸਥਾਪਨਾ ਕੀਤੀ। ਇਕ ਸਭ ਤੋਂ ਮਹੱਤਵਪੂਰਣ ਟਰੈਕਟ ‘ਰੇਲ ਗੱਡੀ ਦਾ ਸਫ਼ਰ’ ਹੈ ਜੋ ਪਤੀਕਾਤਮਕ ਸ਼ੈਲੀ ਵਿਚ ਲਿਖਿਆ ਗਿਆ। ਸਿੰਘ ਸਭਾ ਲਹਿਰ , ਆਰੀਆ ਸਮਾਜ, ਹਿੰਦੂਆਂ ਵੱਲੋਂ ਬ੍ਰਹਮ ਸਮਾਜ ਜੋ ਮਿਸ਼ਨਰੀਆਂ ਦੇ ਪ੍ਰਤੀਕਰਮ ਵਜੋਂ ਸਾਹਮਣੇ ਆਈਆਂ ਸੰਸਥਾਵਾਂ ਹਨ ਜਿਨ੍ਹਾਂ ਨੇ ਵੀ ਕਹਾਣੀ ਦੇ

ਪ੍ਰਫੁਲਤ ਹੋਣ ਵਿਚ ਵਧੇਰੇ ਯੋਗਦਾਨ ਪਾਇਆ ਹੈ। ਇਸ ਤਰ੍ਹਾਂ ਕਹਾਣੀ ਦੇ ਇਤਿਹਾਸਕ ਪਿਛੋਕੜ ਵਿਚ ਅਮੀਰੀ ਲਿਆਉਣ ਵਿਚ ਬਹੁਤ ਸਾਰੇ ਕਹਾਣੀਕਾਰਾਂ ਨੇ ਯੋਗਦਾਨ ਪਾਇਆ ਹੈ ਜੋ ਕਿ ਸਮਾਜ ਸੁਧਾਰਕ, ਰਾਜਨੀਤਕ, ਯਥਾਰਥਵਾਦੀ, ਆਦਰਸ਼ਵਾਦੀ ਪ੍ਰਵਿਰਤੀਆਂ ਨਾਲ ਜੁੜੇ ਹੋਏ ਸਨ। ਇਸ ਤਰ੍ਹਾਂ ਇਹ ਪ੍ਰਵਿਰਤੀ ਆਦਰਸ਼ਵਾਦ ਤੋਂ ਚਲ ਕੇ ਯਥਾਰਥਵਾਦ ਵਲ ਆਰੰਭਿਤ ਹੋਈ ਤੇ ਆਧੁਨਿਕ ਪੰਜਾਬੀ ਕਹਾਣੀ ਨੇ ਯਥਾਰਥਵਾਦੀ ਦ੍ਰਿਸ਼ਟੀ ਨੂੰ ਅਪਣਾਇਆ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਕਹਾਣੀ ਦੇ ਪਿਛੋਕੜ ਵਿਚ ਮਿਸ਼ਨਰੀ ਈਸਾਈ ਪਾਦਰੀਆਂ ਦਾ ਹੱਥ ਹੈ।

### 1.6.4 ਕਹਾਣੀ ਦਾ ਵਿਕਾਸ

ਕਹਾਣੀ ਗਲਪ ਸਾਹਿਤ ਦੀ ਇਕ ਮਹੱਤਵਪੂਰਨ ਵੰਨਗੀ ਹੈ। ਸੰਸਾਰ ਭਰ ਵਿਚ ਕਹਾਣੀ ਬੜ੍ਹੀ ਪ੍ਰਭਾਵਸ਼ਾਲੀ ਤੇ ਗੌਰਵਮਈ ਰਹੀ ਹੈ। ਕੁਦਰਤੀ ਪਸਾਰੇ ਕਾਰਨ ਕਹਾਣੀ ਤੇ ਮਨੁੱਖ ਨਾਲ – ਨਾਲ ਤੁਰੇ ਆ ਰਹੇ ਹਨ। ਮੁੱਢ ਤੋਂ ਹੀ ਕਹਾਣੀ ਤੇ ਮਨੁੱਖ ਕਿਸੇ ਨਾ ਕਿਸੇ ਰੂਪ ਵਿਚ ਇਕ – ਦੂਜੇ ਦੇ ਨਾਲ ਜੁੜੇ ਹੋਏ ਹਨ। ਮਨੁੱਖ ਆਪਣੇ ਮਨ ਅੰਦਰਲੇ ਭਾਵਾਂ ਜਾਂ ਕਿਸੇ ਘਟਨਾ ਨੂੰ ਦੂਜਿਆਂ ਤੱਕ ਪਹੁੰਚਾਉਣ ਲਈ ਹਮੇਸ਼ਾ ਉਤਾਵਲਾ ਰਹਿੰਦਾ ਹੈ, ਜਿਸ ਲਈ ਉਸ ਨੇ ਅਨੇਕ ਮੁਦਰਾਵਾਂ ਤੇ ਸੰਕੇਤਾਂ ਦਾ ਸਹਾਰਾ ਲਿਆ। ਮਨੁੱਖ ਨੇ ਮੁਦਰਾ ਜਾਂ ਕਿਸੇ ਗੱਲ ਨੂੰ ਦੂਜਿਆਂ ਤੱਕ ਪਹੁੰਚਾਉਣ ਦਾ ਇਕੋ - ਇਕ ਸੰਚਾਰ ਸਾਧਨ ਕਹਾਣੀ ਬਣਾਇਆ। ਮਨੁੱਖ ਦੇ ਦਿਲ ਦੀ ਧੜਕਣ ਇਸੇ ਵਿਚੋਂ ਸੁਣੀ- ਸੁਣਾਈ ਅਤੇ ਸਮਝੀ -ਸਮਝਾਈ ਜਾ ਸਕਦੀ ਹੈ, ਕਿਉਂਕਿ ਮਨੁੱਖ ਦੇ ਦਿਲੀ - ਜਜ਼ਬਿਆਂ ਦਾ ਹੀ ਸਹੀ ਪ੍ਰਗਟਾਵਾ ਇਸੇ ਰਾਹੀਂ ਹੁੰਦਾ ਰਿਹਾ ਹੈ। ਮਨੁੱਖ ਮਨ ਅੰਦਰ ਪੈਦਾ ਹੋਈ ਜਿਗਿਆਸਾ ਦੀ ਦੂਸਰੇ ਮਨੁੱਖਾਂ ਨਾਲ ਪੈਦਾ ਹੋਈ ਸਾਂਝ ਦੇ ਭਾਵ-ਬੋਧ ਵਿਚੋਂ ਹੀ ਕਹਾਣੀ ਜਨਮ ਲੈਂਦੀ ਹੈ। ਮਨੁੱਖ ਦੀ ਜ਼ਿੰਦਗੀ ਦਾ ਸੱਚ ਅਤੇ ਰਹੱਸ ਉਸ ਦੇ ਅਨੁਭਵ ਖੰਡਾਂ ਵਿਚ ਫੈਲਿਆ ਹੁੰਦਾ ਹੈ। ਇਨ੍ਹਾਂ ਪਲਾਂ ਵਿਚ ਮਨੁੱਖ ਜੋ ਅਨੁਭਵ ਹੰਢਾਉਂਦਾ ਹੈ, ਉਹ ਅਨੁਭਵ ਪ੍ਰਗਟਾਵਾ ਲੋਚਦਾ ਹੈ। ਇਹ ਪ੍ਰਗਟਾਵਾ ਗੀਤ/ਨਜ਼ਮ ਰਾਹੀਂ ਹੋ ਸਕਦਾ ਹੈ। ਇਹ ਰਹੱਸ ਤਾਂ ਸਪੱਸ਼ਟ ਹੈ ਕਿ ਗੀਤ/ਨਜ਼ਮ ਰਚਨਾ ਹਰ ਮਨੁੱਖ ਲਈ ਸਹਿਜ ਨਹੀਂ। ਅਜਿਹੀ ਸਥਿਤੀ ਵਿਚ ਆਪਣੇ ਪ੍ਰਗਟਾਵੇ ਲਈ ਇਕੋ-ਇਕ ਮਾਧਿਅਮ ਕਹਾਣੀ ਹੈ। ਲਿਖਿਤ ਰੂਪ ਵਿਚ ਆਉਣ ਤੋਂ ਪਹਿਲਾਂ ਕਹਾਣੀ ਮੌਖਿਕ ਰੂਪ ਵਿਚ ਪ੍ਰਗਟਾਈ ਜਾਂਦੀ ਸੀ। ਲੋਕ ਕਹਾਣੀਆਂ ਇਸੇ ਮੌਖਿਕ ਪਰੰਪਰਾ ਦਾ ਜੀਵੰਤ ਰੂਪ ਹੈ। ਪੁਰਾਣੇ ਸਮੇਂ ਵਿਚ ਜਦੋਂ ਬਜ਼ੁਰਗ ਰਾਤ ਸਮੇਂ ਬੱਚਿਆਂ

ਨੂੰ ਕਹਾਣੀਆਂ ਸੁਣਾਉਂਦੇ ਸਨ ਤਾਂ ਬੱਚਿਆਂ ਦੇ ਚਿਹਰੇ ਉੱਪਰ ਵੱਖਰੇ ਹੀ ਹਾਅ-ਭਾਵ ਤੇ ਅਨੋਖੀ ਚਮਕ ਹੁੰਦੀ ਸੀ ਤੇ ਉਹ ਕਹਾਣੀਆਂ ਸੁਣਨ ਲਈ ਹਮੇਸ਼ਾ ਉਤਾਵਲੇ ਰਹਿੰਦੇ ਹਨ। ਪਰ ਮਨੁੱਖ ਜਿਵੇਂ ਆਪਣੇ ਪ੍ਰਗਟਾਵੇ ਨੂੰ ਨਵੇਂ ਰੰਗ ਵਿਚ ਰੰਗਦਾ ਰਿਹਾ, ਤਿਵੇਂ ਤਿਵੇਂ ਨਿੱਕੀ ਕਹਾਣੀ ਆਪਣਾ ਰੰਗ-ਰੂਪ ਵਟਾਉਂਦੀ ਰਹੀ। ਕਹਾਣੀ ਆਪਣੇ ਪੁਰਾਤਨ ਸਮੇਂ ਤੋਂ ਚੱਲਦੀ ਹੋਈ ਨੇ ਅੱਜ ਵਿਕਸਿਤ ਰੂਪ ਧਾਰਣ ਕਰ ਲਿਆ ਹੈ। ਇਸ ਨੂੰ ਅੱਜ ਨਿੱਕੀ ਕਹਾਣੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਨਿੱਕੀ ਕਹਾਣੀ ਨੂੰ ਅੰਗਰੇਜ਼ੀ ਪੰਜਾਬੀ ਸਾਹਿਤ ਵਿਚ 'ਸ਼ਾਰਟ ਸਟੋਰੀ' (Short Story) ਕਿਹਾ ਜਾਂਦਾ ਹੈ ਅਤੇ ਇਸ ਦਾ ਪਰਿਆਇਵਾਚੀ ਪੰਜਾਬੀ ਸ਼ਬਦ ਹੈ – ਨਿੱਕੀ ਕਹਾਣੀ। ਸੰਸਾਰ ਭਰ ਵਿਚ ਹੁਨਰੀ ਨਿੱਕੀ ਕਹਾਣੀ ਨੇ ਕਹਾਣੀ ਦੀ ਹੋਂਦ ਵਿਚ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਪੱਛਮ ਵਿਚ ਕਹਾਣੀ ਦੀ ਸ਼ੁਰੂਆਤ 19 ਵੀ. ਸਦੀ ਅਤੇ ਪੰਜਾਬ ਵਿਚ ਇਸ ਦੀ ਸ਼ੁਰੂਆਤ 20 ਵੀ. ਸਦੀ ਵਿਚ ਮੰਨੀ ਜਾਂਦੀ ਹੈ। ਪੰਜਾਬੀ ਕਹਾਣੀ ਦੇ ਵਿਕਾਸ ਵਿਚ ਬਹੁਤ ਸਾਰੇ ਕਹਾਣੀਕਾਰਾਂ ਨੇ ਯੋਗਦਾਨ ਪਾਇਆ ਹੈ, ਜਿਸ ਨਾਲ ਕਹਾਣੀ ਆਪਣੇ ਵਿਕਾਸ ਪੱਖ ਵਲ ਨੂੰ ਬਹੁਤ ਤੇਜ਼ੀ ਨਾਲ ਵਧਦੀ ਰਹੀ ਹੈ। ਪੰਜਾਬੀ ਸਾਹਿਤ ਵਿਚ ਕਹਾਣੀ ਦੇ ਵਿਕਾਸ ਵਿਚ ਮੋਹਨ ਸਿੰਘ ਵੈਦ,  ਚਰਨ ਸਿੰਘ ਸ਼ਹੀਦ, ਨਾਨਕ ਸਿੰਘ, ਗੁਰਬਖ਼ਸ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ ਸਨ। ਇਸਤਰੀ ਕਹਾਣੀਕਾਰਾਂ ਵਿਚੋਂ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟੀਵਾਣਾ, ਵੀਨਾ ਵਰਮਾ, ਅਜੀਤ ਕੌਰ ਸਨ। ਪਰਵਾਸੀ ਕਹਾਣੀਕਾਰਾਂ ਵਿਚੋਂ ਰਵਿੰਦਰ ਰਵੀ, ਜਰਨੈਲ ਸਿੰਘ, ਅਮਨਪਾਲ ਸਾਰਾ ਆਦਿ ਕਹਾਣੀਕਾਰ ਨੇ ਯੋਗਦਾਨ ਪਾਇਆ ਹੈ।

**ਪਹਿਲੇ ਪੜਾਅ ਦੇ ਕਹਾਣੀਕਾਰ**

**ਮੋਹਨ ਸਿੰਘ ਵੈਦ**

ਨਿੱਕੀ ਕਹਾਣੀ ਦਾ ਅਸਲ ਮੋਢੀ ਮੋਹਨ ਸਿੰਘ ਵੈਦ ਨੂੰ ਮੰਨਿਆ ਗਿਆ ਹੈ। ਆਰੰਭਕ ਪੰਜਾਬੀ ਕਹਾਣੀ ਸੁਧਾਰਕ ਪ੍ਰਵਿਰਤੀ ਵਾਲੀ ਹੈ। ਮੋਹਨ ਸਿੰਘ ਵੈਦ ਨੂੰ ਇਸ ਪ੍ਰਵਿਰਤੀ ਦਾ ਸਮਰਥਕ ਕਹਾਣੀਕਾਰ ਹੈ। ਉਸ ਦੇ ਤਿੰਨ ਕਹਾਣੀ-ਸੰਗ੍ਰਹਿ 'ਹੀਰੇ ਦੀਆਂ ਕਣੀਆਂ' ਤੇ 'ਰੰਗ ਬਰੰਗੇ ਫੁੱਲ' ਪੱਛਮੀ ਕਹਾਣੀਆਂ ਤੇ ਅਧਾਰਿਤ ਹਨ ਤੇ  'ਕਿਸਮਤ ਦਾ ਚੱਕਰ' ਦੀਆਂ

ਕਹਾਣੀਆਂ ਦਾ ਆਧਾਰ ਭਾਰਤੀ ਕਹਾਣੀਆਂ ਹਨ। ਕਹਾਣੀਆਂ ਵਿਚ ਹਾਸ-ਰਸ, ਜਾਸੂਸੀ ਤੇ ਸਿਖਿਆਦਾਇਕ ਅੰਸ਼ ਪ੍ਰਧਾਨ ਹਨ।

**ਚਰਨ ਸਿੰਘ ਸ਼ਹੀਦ**

ਚਰਨ ਸਿੰਘ ਸ਼ਹੀਦ ਨੇ ਨਿਰੋਲ ਮੌਲਿਕ ਕਹਾਣੀ ਲਿਖਣ ਦੀ ਪਿਰਤ ਪਾਈ। ਸ਼ਹੀਦ ਸਿੰਘ ਹਾਸ-ਰਸ ਦਾ ਲੇਖਕ ਹੈ। ਉਸ ਦੇ ਸਪਤਾਹਿਕ ਅਖ਼ਬਾਰ 'ਮੰਜੀ' (1926), ਤੇ ਰਸਾਲੇ 'ਹੰਸ' (1928) ਸਨ। ਸ਼ਹੀਦ ਨੇ ਅੰਗਰੇਜ਼ੀ ਤੇ ਹਿੰਦੀ ਵਿਚੋਂ ਵੀ ਕਈ ਕਹਾਣੀਆਂ ਗ੍ਰਹਿਣ ਕੀਤੀਆ। ਉਸ ਨੇ ਆਪਣੀਆਂ ਕਹਾਣੀਆਂ 'ਹਸਦੇ ਹੰਝੂ' ਤੇ 'ਰੋਂਦੇ ਹੰਝੂ' ਵਿਚਲੀਆਂ ਕਹਾਣੀਆਂ ਵਿਚ ਹਾਸ-ਰਸ ਰਾਹੀਂ ਸਮਾਜ ਦੀਆਂ ਕੁਰੀਤੀਆਂ ਤੇ ਵਿਅੰਗ ਪੇਸ਼ ਕੀਤਾ ਹੈ। ਉਸ ਦੀਆਂ ਪ੍ਰਸਿੱਧ ਕਹਾਣੀਆਂ ਇਸਤਰੀ ਸਭਾ, ਦਿੱਬ ਦ੍ਰਿਸ਼ਟੀ, ਠਾਣੇਦਾਰੀ, ਨੀਂਦਰ ਹਰਾਮ, ਚਾਹ ਬਾਲਟੀ, ਛੇੜ ਆਦਿ ਹਨ।

**ਦੂਜੇ ਪੜਾਅ ਦੇ ਕਹਾਣੀਕਾਰ**

**ਨਾਨਕ ਸਿੰਘ**

ਨਾਨਕ ਸਿੰਘ ਇਸ ਪ੍ਰਵਿਰਤੀ ਦਾ ਉੱਘਾ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਵਿਚ ਸੁਧਾਰਵਾਦੀ ਤੇ ਆਦਰਸ਼ਕ ਅੰਸ਼ ਦੇ ਨਾਲ-ਨਾਲ ਯਥਾਰਥਕ ਰੰਗ ਪਾਇਆ ਜਾਂਦਾ ਹੈ। ਨਾਨਕ ਦੀਆਂ ਕਹਾਣੀਆਂ ਨਿਰੋਲ ਵਾਸਤਵਿਕ ਜੀਵਨ ਦੀਆਂ ਕਹਾਣੀਆਂ ਹਨ। ਨਾਨਕ ਸਿੰਘ ਦੀ ਪਹਿਲੀ ਕਹਾਣੀ 'ਰੱਖੜੀ' (1927) ਵਿਚ ਛਾਪੀ ਤੇ 1934 ਈ. ਵਿਚ ਪਹਿਲਾ ਕਹਾਣੀ- ਸੰਗ੍ਰਹਿ 'ਹੰਝੂਆਂ ਦੇ ਹਾਰ'। ਇਸ ਤੋਂ ਬਾਅਦ 1936 ਈ. ਵਿਚ 'ਸੱਧਰਾਂ ਦੇ ਹਾਰ', 1937 ਈ. ਵਿਚ 'ਮਿਧੇ ਹੋਏ ਫੁਲ', 1940 ਈ. ਵਿਚ 'ਠੰਡੀਆਂ ਛਾਵਾਂ' ਪ੍ਰਕਾਸ਼ਿਤ ਹੋਏ।

**ਗੁਰਬਖ਼ਸ ਸਿੰਘ ਪ੍ਰੀਤਲੜੀ**

ਗੁਰਬਖ਼ਸ ਸਿੰਘ ਪ੍ਰੀਤਲੜੀ ਪਹਿਲੇ ਪੜਾਅ ਦੇ ਕਹਾਣੀਕਾਰਾਂ ਤੋਂ ਬਿਲਕੁਲ ਵੱਖਰਾ ਤੇ ਨਵੀਂ ਸੁਰ ਵਾਲਾ ਹੈ। ਉਸ ਨੇ ਆਪਣੀਆਂ ਰਚਨਾਵਾਂ ਵਿਚ ਪੱਛਮੀ ਸਾਹਿਤ ਦੀ ਵਧੇਰੇ ਘੋਖ ਪੜਤਾਲ ਕੀਤੀ। ਗੁਰਬਖ਼ਸ ਸਿੰਘ ਦੀਆਂ ਕਹਾਣੀਆਂ ਦਾ

ਮੂਲ ਵਿਸ਼ਾ ਪਿਆਰ ਹੀ ਹੈ। ਉਸ ਨੇ ਪੰਜਾਬੀ ਸਾਹਿਤ ਜਗਤ ਵਿਚ 'ਪ੍ਰੀਤ ਕਹਾਣੀਆਂ', 'ਨਾਗ ਪ੍ਰੀਤ ਦਾ ਜਾਦੂ', 'ਅਨੋਖੇ ਤੇ ਇਕੱਲੇ', 'ਵੀਨਾ ਵਿਨੋਦ', 'ਭਾਬੀ ਮੈਨਾ' ਆਦਿ ਕਹਾਣੀ-ਸੰਗ੍ਰਹਿ ਝੋਲੀ ਵਿਚ ਪਾਏ ਸਨ।

**ਤੀਜੇ ਪੜਾਅ ਦੇ ਕਹਾਣੀਕਾਰ**

**ਸੰਤ ਸਿੰਘ ਸੇਖੋਂ**

ਸੰਤ ਸਿੰਘ ਸੇਖੋਂ ਪਹਿਲਾ ਕਹਾਣੀਕਾਰ ਹੈ ਜਿਸ ਨਾਲ ਪੰਜਾਬੀ ਵਿਚ ਨਿੱਕੀ ਕਹਾਣੀ ਦਾ ਮੁੱਢ ਬੱਝਾ। ਸੇਖੋਂ ਨੇ ਪੰਜਾਬੀ ਕਹਾਣੀ ਨੂੰ ਪੱਛਮੀ ਕਹਾਣੀ ਦੀ ਰੂਪ ਰੇਖਾ ਅਨੁਸਾਰ ਢਾਲਣ ਵਿਚ ਬੜਾ ਯੋਗਦਾਨ ਪਾਇਆ ਹੈ। ਸੇਖੋਂ ਦੇ ਪੰਜਾਬੀ ਸਾਹਿਤ ਵਿਚ 'ਸਮਾਚਾਰ', 'ਕਾਮੇ ਤੇ ਯੋਧੇ', 'ਅੱਧੀ ਵਾਟ', 'ਤੀਜਾ ਪਹਿਰ' ਕਹਾਣੀ- ਸੰਗ੍ਰਹਿ ਸ਼ਾਮਿਲ ਹਨ, ਜਿਨ੍ਹਾਂ ਵਿਚ ਸਮਾਜਿਕ ਕੁਰੀਤੀਆਂ, ਵਹਿਮ – ਭਰਮ, ਰਸਮ – ਰੀਵਾਜ, ਅੰਧ – ਵਿਸ਼ਵਾਸ ਆਦਿ ਦੀ ਜਾਂਚ ਪੜਤਾਲ ਕਰ ਕੇ ਯਥਾਰਥਕ ਤੇ ਵਿਗਿਆਨਕ ਢੰਗ ਨਾਲ ਪੇਸ਼ ਕੀਤਾ ਹੈ।

**ਸੁਜਾਨ ਸਿੰਘ**

ਸੁਜਾਨ ਸਿੰਘ ਇਕ ਚੇਤੰਨ ਕਹਾਣੀਕਾਰ ਹੈ। ਉਸ ਨੇ ਆਪਣੀਆਂ ਕਹਾਣੀਆਂ ਦੇ ਵਿਸ਼ਿਆਂ ਨੂੰ ਬੜੀ ਸੂਝ – ਬੂਝ ਨਾਲ ਕਲਾਮਈ ਢੰਗ ਨਾਲ ਪੇਸ਼ ਕਰਦਾ ਹੈ। ਉਹ ਸੂਖ਼ਮ ਬਿਰਤੀ ਵਾਲਾ ਕਹਾਣੀਕਾਰ ਹੈ ਜਿਸ ਨੇ ਜੀਵਨ ਦੇ ਸੰਘਰਸ਼ ਨੂੰ ਬਹੁਤ ਨਜ਼ਦੀਕ ਤੋਂ ਦੇਖਿਆ ਹੈ। ਪੰਜਾਬੀ ਜਗਤ ਵਿਚ ਉਸ ਨੇ 'ਦੁੱਖ – ਸੁੱਖ', 'ਦੁੱਖ – ਸੁੱਖ ਤੋਂ ਪਿੱਛੋ', 'ਨਰਕਾਂ ਦੇ ਦੇਵਤੇ', 'ਸਵਾਲ – ਜਵਾਬ', 'ਸ਼ਹਿਰ ਤੇ ਗ੍ਰਾਂ' ਆਦਿ ਕਹਾਣੀ- ਸੰਗ੍ਰਹਿ ਦਿੱਤੇ ਹਨ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਸਮਾਜਿਕ ਸਮੱਸਿਆਵਾਂ ਨਾਲ ਜੁੜੇ ਹੋਏ ਹਨ।

**ਕਰਤਾਰ ਸਿੰਘ ਦੁੱਗਲ**

ਕਰਤਾਰ ਸਿੰਘ ਪੰਜਾਬੀ ਦਾ ਸਰਵੋਤਮ ਕਹਾਣੀਕਾਰ ਹੈ। ਦੁੱਗਲ ਇਕ ਅਜਿਹਾ ਕਹਾਣੀਕਾਰ ਹੈ ਜਿਸ ਨੇ ਪੰਜਾਬੀ ਸਾਹਿਤ ਵਿਚ ਸਭ ਤੋਂ ਵੱਧ ਕਹਾਣੀਆਂ ਲਿਖੀਆਂ। ਉਸ ਦੀਆਂ ਪੰਜਾਬੀ ਜਗਤ ਵਿਚ 'ਸਵੇਰ ਸਾਰ', 'ਪਿਪਲ ਪੱਤੀਆਂ', 'ਡੰਗਰ', 'ਇਕ ਛਿੱਟ ਚਾਨਣ ਦੀ', 'ਅੱਗ ਖਾਣ ਵਾਲੇ', 'ਨਵਾਂ ਘਰ' ਆਦਿ ਕਹਾਣੀ- ਸੰਗ੍ਰਹਿ ਹਨ। ਉਸ ਦੀਆਂ ਕਹਾਣੀਆਂ ਦਾ ਖੇਤਰ ਪੋਠੋਹਾਰ ਤੋਂ ਲੈ ਕੇ ਦੇਸ਼ ਦੇ ਅਨੇਕ ਭਾਗਾਂ ਵਿਚ ਪਸਰਿਆ ਹੋਇਆ ਹੈ ਜਿਸ ਵਿਚ ਅਣਗਿਣਤ ਵਿਸ਼ੇ, ਮਨੋ ਪ੍ਰਵਿਰਤੀਆਂ, ਜੀਵਨ ਵਿਚ ਉਥਲ – ਪੁਥਲ, ਸਮੱਸਿਆਵਾਂ ਬਾਰੇ ਜ਼ਿਕਰ ਮਿਲਦਾ ਹੈ।

**ਇਸਤਰੀ ਕਹਾਣੀਕਾਰ**

**ਅੰਮ੍ਰਿਤਾ ਪ੍ਰੀਤਮ**

ਅੰਮ੍ਰਿਤਾ ਪ੍ਰਤਿਮ ਨੇ ਕਵਿਤਾ ਵਿਚ ਇਸਤਰੀ ਜਾਤ ਲਈ ਉਠਾਈ ਆਵਾਜ਼ ਦੇ ਰੂਪ ਵਜੋਂ ਜਾਣੀ ਤੇ ਸਤਿਕਾਰੀ ਜਾਂਦੀ ਹੈ, ਉੱਥੇ ਹੀ ਉਸ ਨੇ ਪੰਜਾਬੀ ਜਗਤ ਵਿਚ 'ਮੋਮਬੱਤੀਆਂ ਦਾ ਭੇਤ ਅਤੇ ਕੁੰਜੀਆਂ', 'ਜੰਗਲੀ ਬੂਟੀ ', 'ਪਿੰਜਰ', 'ਪੰਜ ਵਰ੍ਹੇ ਲੰਮੀ ਸੜਕ' ਆਦਿ ਕਹਾਣੀ -ਸੰਗ੍ਰਹਿ ਹਨ।

**ਦਲੀਪ ਕੌਰ ਟੀਵਾਣਾ**

ਕਹਾਣੀ ਦੇ ਖੇਤਰ ਵਿਚ ਦਲੀਪ ਕੌਰ ਟੀਵਾਣਾ ਦਾ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਦਾ ਕਹਾਣੀ ਜਗਤ ਵਿਚ 'ਤੂੰ ਭਰੀ ਹੁੰਗਾਰਾ', 'ਸਾਧਨਾ', 'ਪ੍ਰਬਲ ਵਹਿਣ', 'ਵੈਰਾਗੇ ਨੈਣ' ਕਹਾਣੀ -ਸੰਗ੍ਰਹਿ ਦਿੱਤੇ ਹਨ। ਟੀਵਾਣਾ ਦੀ ਮੁੱਖ ਦੇਣ ਔਰਤ ਦੇ ਮਨ ਦੀ ਪੀੜਾ ਦਾ ਪ੍ਰਗਟਾਵਾ ਕਰਨ ਵਿਚ ਹੈ।

**ਅਜੀਤ ਕੌਰ**

ਪੰਜਾਬੀ ਕਹਾਣੀ ਵਿਚ ਅਜੀਤ ਕੌਰ ਦਾ ਵਿਸ਼ੇਸ਼ ਸਥਾਨ ਹੈ। ਅਜੀਤ ਕੌਰ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ – 'ਸਾਵੀਆਂ ਚਿੜੀਆਂ', 'ਧੁੱਪ ਵਾਲਾ ਸ਼ਹਿਰ', 'ਗੁਲਬਾਨੋ' ਹਨ।

**ਪਰਵਾਸੀ ਪੰਜਾਬੀ ਕਹਾਣੀਕਾਰ**

**ਰਵਿੰਦਰ ਰਵੀ**

ਰਵਿੰਦਰ ਰਵੀ ਪੂਰਨ ਸੁਤੰਤਰਾ ਦਾ ਕਹਾਣੀਕਾਰ ਹੈ। ਰਵਿੰਦਰ ਇਕ ਕਵੀ, ਆਲੋਚਕ, ਕਾਵਿ-ਨਾਟਕਕਾਰ, ਸਫ਼ਰਨਾਮਾ ਲੇਖਕ ਰਹਿ ਚੁੱਕੇ ਹਨ । ਰਵੀ ਨੇ ਹੁਣ ਇਕ ਕਹਾਣੀਕਾਰ ਦੇ ਵਜੋਂ ਪੰਜਾਬੀ ਜਗਤ ਵਿਚ ਵਿਸ਼ੇਸ਼ ਸਥਾਨ ਪਾਇਆ ਹੈ। ਉਸ ਦੇ ਕਹਾਣੀ-ਸੰਗ੍ਰਹਿ 'ਚਰਾਵੀ' (1963), 'ਜੁਰਮ ਦੇ ਪਾਤਰ' (1968), 'ਸ਼ਹਿਰ ਵਿਚ ਜੰਗਲ' (1969), 'ਕੋਣ ਪ੍ਰਤਿ ਕੋਣ' (1971), 'ਮੈਲੀ ਪੁਸਤਕ' ਹਨ।

**ਜਰਨੈਲ ਸਿੰਘ**

ਜਰਨੈਲ ਸਿੰਘ ਆਧੁਨਿਕ ਸਮੇਂ ਦਾ ਕਹਾਣੀਕਾਰ ਹੈ। ਜਰਨੈਲ ਸਿੰਘ ਬਹੁਤ ਹੀ ਸੂਝਵਾਨ ਕਹਾਣੀਕਾਰ ਹੋਣ ਕਰ ਕੇ ਇਸ ਨੂੰ ਕਹਾਣੀਕਾਰ ਦੀ ਕਤਾਰ ਵਿਚੋਂ ਪ੍ਰਮੁੱਖ ਕਹਾਣੀਕਾਰ ਬਣ ਚੁੱਕਾ ਹੈ। ਪੰਜਾਬੀ ਜਗਤ ਵਿਚ ਜਰਨੈਲ ਸਿੰਘ ਦੇ ਪੰਜ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ- 'ਮੈਨੂੰ ਕੀ', 'ਮਨੁੱਖ ਤੇ ਮਨੁੱਖ', 'ਸਮੇਂ ਦੇ ਹਾਣੀ', 'ਦੋ ਟਾਪੂ', 'ਟਾਵਰਜ਼' ਹਨ। ਇਨ੍ਹਾਂ ਕਹਾਣੀਆਂ ਵਿਚ ਉਸ ਨੇ ਕਿਰਸਾਨੀ ਜੀਵਨ ਦੇ ਸੰਕਟ, ਆਰਥਿਕ ਟੁੱਟ-ਭੱਜ, ਵਿਸ਼ਵੀਕਰਨ, ਰਿਸ਼ਤਿਆਂ ਦੀ ਟੁੱਟ-ਭੱਜ ਆਦਿ ਪਰਵਾਸ ਮਸਲਿਆਂ ਨੂੰ ਪੇਸ਼ ਕੀਤਾ ਹੈ।

**ਮੇਜਰ ਮਾਂਗਟ**

ਮੇਜਰ ਮਾਂਗਟ ਪੰਜਾਬੀ ਜਗਤ ਦੇ ਕਹਾਣੀਕਾਰਾਂ ਵਿਚੋਂ ਇਕ ਪ੍ਰਮੁੱਖ ਕਹਾਣੀਕਾਰ ਹੈ। ਮੇਜਰ ਦੇ ਹੁਣ ਤਕ ਚਾਰ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ, ਜਿਨ੍ਹਾਂ ਵਿਚੋਂ 'ਤਲੀਆਂ ਤੇ ਉੱਗੇ ਥੋਹਰ' (1990), 'ਕੂੰਜਾ ਦੀ ਮੌਤ' (1993), 'ਤ੍ਰਿਸ਼ੰਕੂ' (2000), 'ਪਰੀਆਂ ਦਾ ਦੇਸ' (2006) ਹਨ। ਉਸ ਦੀਆਂ ਕਹਾਣੀਆ ਦੇ ਵਿਸ਼ੇ ਰੁਮਾਂਟਿਕ ਹਨ ਪਰ ਨਾਲ ਹੀ ਟੁੱਟ ਰਿਹਾ ਪੇਂਡੂ ਸਭਿਆਚਾਰ, ਬੁਢਾਪੇ ਦਾ ਸੰਤਾਪ, ਨਿਮਨ-ਵਰਗ ਆਦਿ ਵਿਸ਼ਿਆਂ ਨੂੰ ਵੀ ਪੇਸ਼ ਕੀਤਾ ਹੈ।

**ਬਲਬੀਰ ਕੌਰ ਸੰਘੇੜਾ**

ਬਲਬੀਰ ਕੌਰ ਕੈਨੇਡਾ ਦੇ ਸਮਕਾਲੀ ਪੰਜਾਬੀ ਇਸਤਰੀ ਕਹਾਣੀਕਾਰਾਂ ਵਿਚੋਂ ਇਕ ਹੈ। ਉਹ ਇਕ ਨਾਵਲਕਾਰ, ਵਾਰਤਾਕਾਰ ਤੇ ਪੱਤਰਕਾਰ ਵੀ ਹੈ। ਸੰਘੇੜਾ ਨੇ ਪੰਜਾਬੀ ਸਾਹਿਤ ਵਿਚ ਕਹਾਣੀਕਾਰ ਵਜੋਂ ਵੀ ਪੁਲਾਂਘ ਪਟੀ ਹੈ। ਉਸ ਦੇ ਨਾਵਲਕਾਰ ਦੇ ਤੌਰ ਤੇ 'ਹੱਕ ਦੀ ਮੰਗ', 'ਇਕ ਖੱਤ ਨਾਂ ਸੱਜਣਾਂ ਦੇ' ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੇ ਕਹਾਣੀਕਾਰ ਵਜੋਂ ਮਿਲਦੇ ਕਹਾਣੀ-ਸੰਗ੍ਰਹਿ 'ਆਪਣੇ ਹੀ ਓਹਲੇ', 'ਖੰਭੇ', 'ਠੰਡੀ ਹਵਾ' ਹਨ।

### 1.6.5 ਕਹਾਣੀ ਦਾ ਵਰਗੀਕਰਨ

ਕਹਾਣੀਕਾਰ ਕਹਾਣੀ ਲਿਖਣ ਸਮੇਂ ਕਿਸੇ ਨਾ ਕਿਸੇ ਪ੍ਰਭਾਵ ਹੇਠ ਦੱਬਿਆ ਹੁੰਦਾ ਹੈ। ਉਸ ਉਪਰ ਕਿਸੇ ਨਾ ਕਿਸੇ ਵਿਚਾਰਧਾਰਾ, ਸਮਾਜਿਕ ਪਰੰਪਰਾਵਾਂ ਆਦਿ ਦਾ ਪ੍ਰਭਾਵ ਵਧੇਰੇ ਹੁੰਦਾ ਹੈ। ਉਹ ਆਪਣੇ ਤੀਬਰ ਭਾਵਾਂ ਤੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਇਕੋ ਇਕ ਸਾਧਨ ਕਹਾਣੀ ਰਾਹੀਂ ਪੇਸ਼ ਕਰਦਾ ਹੈ। ਕਹਾਣੀਕਾਰ ਆਪਣੇ ਮਨ ਅੰਦਰਲੇ ਭਾਵਾਂ ਨੂੰ ਹੋਰਾਂ ਨਾਲ ਸਾਂਝਾ ਕਰਨ ਦਾ ਸਾਧਨ ਆਪਣੀਆਂ ਕਹਾਣੀਆਂ ਰਾਹੀਂ ਪ੍ਰਗਟ ਕਰਦਾ ਹੈ। ਇਸ ਦਾ ਪ੍ਰਗਟਾ ਭਾਵ, ਵਰਗ ਆਦਿ ਰਾਹੀਂ ਕਰਦਾ ਹੈ, ਉਸ ਨੂੰ ਕਹਾਣੀ ਦਾ ਵਰਗੀਕਰਨ ਕਿਹਾ ਜਾਂਦਾ ਹੈ। ਕਹਾਣੀ ਦਾ ਵਰਗੀਕਰਨ ਇਸ ਤਰ੍ਹਾਂ ਹੈ:-

### ਰੂਪ ਅਨੁਸਾਰ ਵਰਗੀਕਰਨ

ਕਹਾਣੀ ਦਾ ਰੂਪ ਅਨੁਸਾਰ  ਕਹਾਣੀ ਦਾ ਵਰਗੀਕਰਨ ਵਿਚ ਪਾਤਰ ਪ੍ਰਧਾਨ, ਨਾਟਕ-ਕਹਾਣੀ, ਸਵੈ ਜੀਵਨਕ ਕਹਾਣੀ, ਵਿਸ਼ਾ-ਪ੍ਰਧਾਨ ਕਹਾਣੀ, ਆਂਚਲਿਕ ਕਹਾਣੀ, ਪੱਤਰਾਤਮਕ ਕਹਾਣੀ ਆਦਿ ਸ਼ਾਮਿਲ ਹਨ।

### ਕਹਾਣੀ ਦਾ ਵਿਸ਼ੇਗਤ ਵਰਗੀਕਰਨ

ਕਹਾਣੀ ਵਿਚ ਵਿਸ਼ੇ ਦਾ ਬਹੁਤ ਮਹੱਤਵ ਹੈ। ਹਰ ਇਕ ਕਹਾਣੀਕਾਰ ਕਹਾਣੀ ਲਿਖਣ ਸਮੇਂ ਕਿਸੇ ਮੁੱਖ ਵਿਸ਼ੇ ਨੂੰ ਸਾਹਮਣੇ ਰੱਖ ਕੇ ਪੇਸ਼ ਕਰਦਾ ਹੈ। ਜਿਸ ਦਾ ਪ੍ਰਗਟਾ ਉਹ ਬੜ੍ਹੇ ਹੀ ਕਲਾਤਮਕ ਢੰਗ ਨਾਲ ਕਰਦਾ ਹੈ। ਕਹਾਣੀ ਦੇ ਵਿਸ਼ੇਗਤ ਵਰਗੀਕਰਨ ਅਨੁਸਾਰ ਕਹਾਣੀ ਦਾ ਵਰਗੀਕਰਨ ਅਨੁਸਾਰ ਹੈ:- ਇਤਿਹਾਸਕ ਕਹਾਣੀ, ਕਲਪਿਤ ਕਹਾਣੀ,

ਰੋਮਾਂਟਿਕ ਕਹਾਣੀ, ਮਨੋਵਿਗਿਆਨਕ ਕਹਾਣੀ, ਜਾਸੂਸੀ ਕਹਾਣੀ, ਮਨੋਰੰਜਕ ਕਹਾਣੀ, ਯਥਾਰਥਕ ਕਹਾਣੀ ਆਦਿ ਸ਼ਾਮਿਲ ਹਨ।

**ਕਹਾਣੀ ਦੇ ਵਾਦ ਅਨੁਸਾਰ ਵਰਗੀਕਰਨ**

ਜਦੋਂ ਕਿਸੇ ਮਹਾਨ ਵਿਅਕਤੀ ਦੁਆਰਾ ਕੋਈ ਨਵੀਂ ਵਿਚਾਰਧਾਰਾ ਰਾਹੀਂ ਸਿਧਾਂਤਕ ਜਾਂ ਉਸ ਦੇ ਪਹਿਲੇ ਪ੍ਰਗਟਾਅ ਤੇ ਹੋਰਨਾਂ ਲੋਕਾਂ ਵੱਲੋਂ ਪ੍ਰਵਾਨਗੀ ਮਿਲ ਜਾਂਦੀ ਹੈ ਤਾਂ ਉਹ ਮਾਰਗ-ਦਰਸ਼ਨ ਬਣ ਕੇ ਵਾਦ ਦੀ ਪਦਵੀ ਤਕ ਪਹੁੰਚ ਜਾਂਦੀ ਹੈ। ਕਹਾਣੀ ਨੂੰ ਵਾਦਾਂ ਵਿਚ ਵੀ ਵੰਡਿਆ ਗਿਆ ਹੈ। ਇਸ ਵਿਚ ਪ੍ਰਚਾਰਵਾਦੀ ਕਹਾਣੀ, ਪ੍ਰਯੋਗਵਾਦੀ ਕਹਾਣੀ, ਆਧੁਨਿਕਤਾਵਾਦੀ ਕਹਾਣੀ, ਮਾਰਕਸਵਾਦੀ ਕਹਾਣੀ, ਅਸਤਿਤਵਵਾਦੀ ਕਹਾਣੀ ਆਕਿ ਸ਼ਾਮਿਲ ਹਨ।

**ਕਹਾਣੀ ਦਾ ਭਾਵ/ਰਸ ਰਾਹੀਂ ਵਰਗੀਕਰਨ**

ਕਹਾਣੀ ਵਿਚ ਰਸ/ਭਾਵ ਦਾ ਬਹੁਤ ਮਹੱਤਵ ਹੈ। ਕਹਾਣੀ ਵਿਚ ਰਸ ਇਕ ਆਤਮਿਕ ਆਨੰਦ ਪੈਂਦਾ ਕਰਦਾ ਹੈ, ਜੋ ਪਾਠਕਾਂ ਨੂੰ ਰਸ ਭਰਪੂਰ ਸੁਆਦ ਦਿੰਦਾ ਹੈ। ਕਹਾਣੀ ਦਾ ਰਸ/ ਭਾਵ ਰਾਹੀਂ ਵਰਗੀਕਰਨ ਕੀਤਾ ਗਿਆ ਹੈ ਜਿਸ ਵਿਚ ਦੁਖਾਂਤਕ ਕਹਾਣੀ, ਸੁਖਾਂਤਕ ਕਹਾਣੀ, ਸੁਖਾਂਤ-ਦੁਖਾਂਤਕ ਕਹਾਣੀ, ਦੁਖਾਂਤ-ਸੁਖਾਂਤਕ ਕਹਾਣੀ, ਵਿਅੰਗਾਤਮਕ ਕਹਾਣੀ, ਪ੍ਰਤੀਕਾਤਮਕ ਕਹਾਣੀ ਆਦਿ ਸ਼ਾਮਿਲ ਹਨ।

**1.6.6 ਕਹਾਣੀ ਦੇ ਤੱਤ**

ਕੁਦਰਤ ਦੀ ਹਰ ਵਸਤੂ ਕੁੱਝ ਤੱਤਾਂ ਦੇ ਸੁਮੇਲ ਤੋਂ ਬਣਦੀ ਹੈ। ਕਹਾਣੀ ਦੇ ਤੱਤਾਂ ਦੇ ਵੀ ਅਜਿਹੇ ਥੰਮ ਹਨ ਜਿਨ੍ਹਾਂ ਉੱਤੇ ਕਹਾਣੀ ਟਿੱਕੀ ਹੁੰਦੀ ਹੈ। ਹਰ ਇਕ ਕਹਾਣੀ ਦਾ ਮੁੱਲ ਉਸ ਦੇ ਤੱਤਾਂ ਦੇ ਆਧਾਰ 'ਤੇ ਹੀ ਪਾਇਆ ਜਾਂਦਾ ਹੈ। ਕਹਾਣੀ ਦੇ ਤੱਤ ਹਨ- ਵਿਸ਼ਾ, ਗੋਂਦ (ਪਲਾਂਟ), ਪਾਤਰ ਚਿਤਰਣ, ਵਾਰਤਾਲਾਪ, ਵਾਤਾਵਰਣ, ਭਾਸ਼ਾ/ਸ਼ੈਲੀ, ਉਦੇਸ਼ ਹਨ ਜੋ ਕਿ ਕਹਾਣੀ ਵਿਚ ਵਧੇਰੇ ਮਹੱਤਤਾ ਰੱਖਦੇ ਹਨ। ਜੋ ਹੇਠ ਲਿਖੇ ਹਨ :-

**ਵਿਸ਼ਾ**

ਨਿੱਕੀ ਕਹਾਣੀ ਦੇ ਵੀ ਤੱਤ ਹਨ ਜਿਨ੍ਹਾਂ ਵਿਚੋਂ ਸਭ ਤੋਂ ਵਧੇਰੇ ਮਹੱਤਤਾ ਵਿਸ਼ੇ ਦੀ ਹੈ। ਵਿਸ਼ਾ ਕਹਾਣੀ ਦੀ ਜਿੰਦ-ਜਾਨ ਜਾਂ ਰੀੜ੍ਹ ਦੀ ਹੱਡੀ ਹੁੰਦੀ ਹੈ ਜਿਸ ਤੋਂ ਬਿਨ੍ਹਾਂ ਕਹਾਣੀ ਦੀ ਸਿਰਜਣਾ ਹੋ ਹੀ ਨਹੀਂ ਸਕਦੀ। ਕਹਾਣੀਕਾਰ ਵਿਸ਼ੇ ਦੀ ਚੋਣ ਪੱਖੋਂ ਸੁਤੰਤਰ ਤੇ ਅਸੀਮਿਤ ਹੁੰਦਾ ਹੈ। ਉਹ ਕਹਾਣੀ ਦਾ ਵਿਸ਼ਾ ਸਮਾਜਿਕ, ਰਾਜਨੀਤਕ, ਨਿੱਜ- ਅਨੁਭਵ ਆਦਿ ਵਿਸ਼ਿਆਂ ਨੂੰ ਲੈਣ ਵਿਚ ਸੁਤੰਤਰ ਹੁੰਦਾ ਹੈ। ਵਿਸ਼ਾ ਵਧੇਰੇ ਨਰੋਆ ਤੇ ਆਰੋਗ ਹੋਣਾ ਚਾਹੀਦਾ ਹੈ ਤਾਂ ਜੋ ਇਸ ਦਾ ਸਿਰਜਣਾਤਮਕ ਪਹਿਲੂ ਪੇਸ਼ ਕੀਤਾ ਜਾ ਸਕੇ। ਸਿਆਣਾ ਕਹਾਣੀਕਾਰ ਨਿੱਜੀ ਅਨੁਭਵ ਤੋਂ ਵਿਸ਼ੇ ਦੀ ਚੋਣ ਕਰਦਾ ਹੈ ਪਰ ਅੱਜ ਦਾ ਕਹਾਣੀਕਾਰ ਮਨੋਵਿਗਿਆਨਕ ਅਨੁਭਵ ਤੋਂ ਵਿਸ਼ੇ ਦੀ ਚੋਣ ਕਰਕੇ ਆਪਣੀ ਅਨੁਭੂਤੀ ਪੇਸ਼ ਕਰਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਵਿਸ਼ੇ ਨੂੰ ਕਿਹੜੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨਾ ਹੈ- ਕਲਾ ਕਲਾ ਲਈ ਜਾਂ ਕਲਾ ਜੀਵਨ ਲਈ। ਕਲਾ ਕਲਾ ਲਈ ਇਕ ਪੁਰਾਣਾ ਦ੍ਰਿਸ਼ਟੀਕੋਣ ਹੈ ਜਿਸ ਨੂੰ ਬਹੁਤੇ ਲੇਖਕ ਰੱਦ ਕਰ ਚੁੱਕੇ ਹਨ। ਜਾਰਜ ਬਰਨਾਰਡ ਸ਼ਾਅ ਅਨੁਸਾਰ – "ਕਲਾ ਕਲਾ ਲਈ ਦੇ ਸਿਧਾਂਤ ਅਧੀਨ ਮੈਂ ਇਕ ਸਤਰ ਵੀ ਲਿਖਣ ਲਈ ਤਿਆਰ ਨਹੀਂ।"[15] ਇਸ ਲਈ ਕਹਾਣੀ ਦਾ ਵਿਸ਼ਾ ਕੇਵਲ ਮਨ ਪਰਚਾਵਾ ਜਾਂ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਇਸ ਦਾ ਮੰਤਵ ਪਾਠਕ ਨੂੰ ਕੋਈ ਅਗਵਾਈ, ਜੀਵਨ-ਸੇਧ, ਸਿੱਖਿਆ ਦੇਣਾ ਹੁੰਦਾ ਹੈ।

**ਗੋਂਦ (ਪਲਾਂਟ)**

ਗੋਂਦ ਕਹਾਣੀ ਦੇ ਵੱਖ-ਵੱਖ ਤੱਤਾਂ ਨੂੰ ਜੋੜਨ ਦਾ ਕੰਮ ਕਰਦੀ ਹੈ। ਕਹਾਣੀ ਵਿਚ ਗੋਂਦ ਵਧੇਰੇ ਮਹੱਤਤਾ ਰੱਖਦਾ ਹੈ। ਇਸ ਵਿਚ ਗੋਂਦ ਕਿਸੇ ਨਾ ਕਿਸੇ ਰੂਪ ਵਿਚ ਹੋਣਾ ਜ਼ਰੂਰੀ ਹੈ। ਅੱਜ ਦਾ ਕਹਾਣੀਕਾਰ ਘਟਨਾਵਾਂ ਨੂੰ ਸਰੀਰਕ ਪੱਖੋਂ ਹੀ ਨਹੀਂ ਸਗੋਂ ਉਨ੍ਹਾਂ ਨੂੰ ਪਾਤਰਾਂ ਦੇ ਮਨ ਵਿਚੋਂ ਵੀ ਵਾਪਰਦਾ ਚਿਤਰਦਾ ਹੈ। ਜੈਪਸਨ ਦੇ ਅਨੁਸਾਰ – "ਗੋਂਦ ਤੋਂ ਬਿਨਾਂ ਕਹਾਣੀ ਦੀ ਕੋਈ ਹੋਂਦ ਨਹੀਂ।"[16] ਗੋਂਦ ਪੱਖੋਂ ਕਹਾਣੀਕਾਰ ਨੂੰ ਕਹਾਣੀ ਵਿਚ ਰੌਚਿਕਤਾ ਬਣਾਈ ਰੱਖਣ ਲਈ ਉਤਸੁਕਤਾ ਬਣਾਈ ਰੱਖਦਾ ਹੈ। ਉਹ ਇਕੋ ਸਮੇਂ ਲੁਕੋ – ਪ੍ਰਗਟਾਉ ਵਿਧੀ ਵਰਤਦਾ ਹੈ। ਉਹ ਲੁਕੋਦਿਆਂ ਵੀ ਕੁਝ ਦੱਸ ਰਿਹਾ ਹੁੰਦਾ ਹੈ ਤੇ ਕਈ ਵਾਰ ਕੁਝ ਦੱਸਦਿਆਂ ਵੀ ਲੁਕੋ ਰਿਹਾ ਹੁੰਦਾ ਹੈ। ਕਹਾਣੀ ਵਿਚ ਗੋਂਦ ਯਥਾਰਥਕ ਢੰਗ ਨਾਲ ਪੇਸ਼ ਕੀਤਾ ਜਾਵੇ ਤਾਂ ਜੋ ਪਾਠਕਾਂ ਨੂੰ

ਸੱਚ – ਮੁੱਚ ਜਾਂ ਵਾਸਤਵਿਕ ਜ਼ਿੰਦਗੀ ਦੇ ਨੇੜੇ-ਤੇੜੇ ਲੱਗੇ। ਗੋਂਦ ਵਿਚ ਕਹਾਣੀ ਦੀ ਲਗਾਤਾਰਤਾਂ ਹੋਵੇ ਭਾਵ ਕਿ ਘਟਨਾਵਾਂ, ਸਥਿਤੀਆਂ, ਪਾਤਰ ਆਪਸ ਵਿਚ ਇਕ ਸੰਗਲੀ ਵਾਂਗ ਜੁੜੇ ਹੋਣ, ਇਕ ਦੂਜੇ ਤੋਂ ਟੁੱਟਦੇ ਨਾ ਹੋਣ।

**ਪਾਤਰ ਚਿਤਰਣ**

ਗੋਂਦ ਵਾਂਗ ਪਾਤਰਾਂ ਦਾ ਵੀ ਕਹਾਣੀ ਵਿਚ ਬੜਾ ਮਹੱਤਵ ਹੈ। ਕਹਾਣੀ ਪਾਤਰਾਂ ਤੋਂ ਬਿਨ੍ਹਾਂ ਲਿਖੀ ਹੀ ਨਹੀਂ ਜਾ ਸਕਦੀ, ਕਿਉਂਕਿ ਹਰ ਕਹਾਣੀ ਨੇ ਕੋਈ ਨਾ ਕੋਈ ਜੀਵਨ ਤਾਂ ਪੇਸ਼ ਕਰਨਾ ਹੀ ਹੁੰਦਾ ਹੈ ਤੇ ਜੀਵਨ ਪਾਤਰਾਂ ਤੋਂ ਬਿਨ੍ਹਾਂ ਸਿਰਜਿਆਂ ਹੀ ਨਹੀਂ ਜਾ ਸਕਦਾ। ਕਹਾਣੀ ਵਿਚ ਜ਼ਰੂਰੀ ਨਹੀਂ ਕਿ ਪਾਤਰ ਜਾਨਦਾਰ ਹੀ ਹੋਣ, ਬੇਜਾਨ ਵੀ ਹੋ ਸਕਦੇ ਹਨ। ਇੱਥੇ ਪਾਤਰ ਚੋਣ ਦੀ ਮਨਾਹੀ ਨਹੀਂ ਹੁੰਦੀ। ਪੰਛੀ, ਬੁੱਢੇ, ਬੱਚੇ, ਜਾਨਵਰ, ਦਰਖ਼ਤ, ਮਰਦ, ਤੀਵੀਂ ਆਦਿ ਪਾਤਰ ਹੋ ਸਕਦੇ ਹਨ। ਅੱਜ ਦਾ ਕਹਾਣੀਕਾਰ ਪਾਤਰਾਂ ਨੂੰ ਬਾਹਰ ਨਾਲੋਂ ਵਧੇਰੇ ਅੰਦਰੋਂ ਸਿਰਜਦਾ ਹੈ। ਕਹਾਣੀ ਵਿਚਲੇ ਪਾਤਰ ਕਿਸੇ ਤਰ੍ਹਾਂ ਜਾਂ ਕਿਸੇ ਜੀਵਨ ਵਿਚੋਂ ਚੁਣੇ ਜਾਣ, ਪਰ ਇਨ੍ਹਾਂ ਦਾ ਪ੍ਰਭਾਵ ਪਾਠਕਾਂ ਉੱਤੇ ਨਰੋਆ ਤੇ ਵਧੇਰੇ ਸਿਰਜਣਾਤਮਕ ਪੈਣਾ ਚਾਹੀਦਾ ਹੈ।

**ਵਾਰਤਾਲਾਪ**

ਕਹਾਣੀ ਵਿਚ ਵਾਰਤਾਲਾਪ ਨੇ ਯਥਾਰਥਕ – ਪ੍ਰਭਾਵ ਪਾਉਣਾ ਹੁੰਦਾ ਹੈ ਅਤੇ ਅਸੀਂ ਜ਼ਿੰਦਗੀ ਦਾ ਕਾਫ਼ੀ ਹਿੱਸਾ ਗੱਲਾਂ – ਬਾਤਾਂ ਰਾਹੀਂ ਗੁਜ਼ਾਰਦੇ ਹਾਂ, ਇਸ ਲਈ ਕਹਾਣੀ ਵਿਚ ਕੁਝ ਵਾਰਤਾਲਾਪ ਹੋਣਾ ਸੁਭਾਵਕ ਲਗਦਾ ਹੈ। ਕਹਾਣੀਕਾਰ ਪਾਤਰਾਂ ਦੀ ਵਾਰਤਾਲਾਪ ਨੂੰ ਬੜ੍ਹੀ ਹੀ ਖ਼ੂਬੀ ਤੇ ਸੰਜਮਤਾ ਨਾਲ ਪੇਸ਼ ਕਰਦਾ ਹੈ। ਉਹ ਕਈ ਵਾਰ ਥੋੜੇ ਸ਼ਬਦਾਂ ਵਿਚ ਹੀ ਬਹੁਤ ਕੁੱਝ ਕਹਿ ਜਾਂਦਾ ਹੈ, ਜੋ ਬਹੁਤ ਹੀ ਕਲਾਤਮਕ ਢੰਗ ਨਾਲ ਪੇਸ਼ ਕਰਦਾ ਹੈ। ਵਾਰਤਾਲਾਪ ਲਈ ਵਰਤੀ ਗਈ ਸ਼ਬਦਾਵਲੀ ਤੇ ਕੋਈ ਰੋਕ – ਟੋਕ ਜਾਂ ਬੰਦਿਸ਼ ਨਹੀਂ ਹੁੰਦੀ ਪਰ ਇਹ ਪਾਤਰਾਂ ਦੀ ਪਦਵੀ, ਸੁਭਾਉ ਤੇ ਲੋੜ ਅਨੁਸਾਰ ਹੋਣੀ ਚਾਹੀਦੀ ਹੈ। ਕਹਾਣੀ ਵਿਚ ਮਿਲਦਾ ਵਾਰਤਾਲਾਪ ਕੁਦਰਤੀ, ਯਥਾਰਥਕ ਅਤੇ ਪਾਤਰਾਂ ਦੇ ਸੁਭਾਉ ਅਨੁਸਾਰ ਹੋਣਾ ਚਾਹੀਦਾ ਹੈ। ਕੁਦਰਤੀ ਵਾਰਤਾਲਾਪ ਵਿਚ ਇਸਤਰੀ ਕਹਾਣੀਕਾਰਾਂ ਵਿਚੋਂ ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਚਿੰਤ ਕੌਰ ਦੀਆਂ ਕਹਾਣੀਆਂ ਵਿਚੋਂ ਆਮ ਮਿਲਦੇ ਹਨ।

**ਵਾਤਾਵਰਣ**

ਵਾਤਾਵਰਣ ਕਹਾਣੀ ਵਿਚ ਅਤੀ ਜ਼ਰੂਰੀ ਤੇ ਮਹੱਤਵਪੂਰਣ ਅੰਗ ਹੈ। ਵਾਤਾਵਰਣ ਤੋਂ ਬਿਨ੍ਹਾਂ ਕਹਾਣੀ ਦੀ ਸਿਰਜਣਾ ਹੋ ਨਹੀਂ ਸਕਦੀ। ਕਹਾਣੀ ਵਿਚ ਕਿਸੇ ਤਰ੍ਹਾਂ ਦੇ ਜੀਵਨ ਦੀ ਵਾਤਾਵਰਣ ਤੋਂ ਬਿਨ੍ਹਾਂ ਹੋਂਦ ਹੀ ਨਹੀਂ ਹੋ ਸਕਦੀ। ਇਸ ਦਾ ਹਰ ਇਕ ਕਹਾਣੀ ਵਿਚ ਆਉਣਾ ਅਤੀ ਜ਼ਰੂਰੀ ਹੁੰਦਾ ਹੈ। ਵਾਤਾਵਰਣ ਕਹਾਣੀ ਵਿਚ ਹਰ ਥਾਂ ਵਿਕਸਿਤ ਪ੍ਰਕਿਰਿਆ ਵਿਚ ਹੁੰਦਾ ਹੈ। ਇਹ ਕਹਾਣੀ ਦੇ ਮੁੱਢ ਤੋਂ ਸ਼ੁਰੂ ਹੁੰਦਾ ਹੈ ਤੇ ਕਹਾਣੀ ਦੇ ਅੰਤ ਵਿਚ ਖ਼ਤਮ। ਜਿਵੇਂ-ਜਿਵੇਂ ਕਹਾਣੀ ਵਿਚ ਵਿਸ਼ੇ ਜਾਂ ਪਾਤਰਾਂ ਦੀ ਉਸਾਰੀ ਹੁੰਦੀ ਜਾਂਦੀ ਹੈ , ਵਾਤਾਵਰਣ ਉਸੇ ਅਨੁਸਾਰ ਰੂਪ ਧਾਰਣ ਕਰ ਲੈਂਦਾ ਹੈ। ਵਾਤਾਵਰਣ ਦਾ ਸੰਬੰਧ ਸਥਾਨ, ਸਥਿਤੀ, ਸਮੇਂ ਅਨੁਸਾਰ ਹੁੰਦਾ ਹੈ। ਕਹਾਣੀ ਵਿਚ ਵਾਤਾਵਰਣ ਪੇਂਡੂ ਵੀ ਹੋ ਸਕਦਾ ਹੈ ਤੇ ਸ਼ਹਿਰੀ ਵੀ। ਇਹ ਕਹਾਣੀ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੁੰਦਾ ਹੈ। ਇਸ ਤਰ੍ਹਾਂ ਇਕ ਸਫ਼ਲ ਕਹਾਣੀਕਾਰ ਦੀ ਖ਼ਾਸੀਅਤ ਇਹੋ ਹੁੰਦੀ ਹੈ ਕਿ ਉਹ ਪਾਠਕਾਂ ਨੂੰ ਆਪਣੀ ਕਹਾਣੀ ਪੜ੍ਹਨ ਵੇਲੇ ਮਾਨਸਿਕ ਤੌਰ ਤੇ ਵਾਸਤਵਿਕ ਹੋਂਦ ਵਾਲੇ ਪਾਸੇ ਵਿਚੋਂ ਕੱਢ ਕੇ ਕਹਾਣੀ ਵਾਕੇ ਵਾਤਾਵਰਣ ਵਿਚ ਲੈ ਜਾਵੇ।

**ਭਾਸ਼ਾ/ਸ਼ੈਲੀ**

ਕਹਾਣੀ ਵਿਚ ਭਾਸ਼ਾ ਇਕ ਅਜਿਹਾ ਸਾਧਨ ਹੈ ਜਿਸ ਵਿਚ ਸ਼ਬਦ ਭੰਡਾਰ ਉਹ ਮਸਾਲਾ ਹੈ, ਜਿਸ ਦੀ ਚੋਣ ਅਨੁਸਾਰ ਲੇਖਕ ਕਾਰੀਗਰ ਆਪਣੀ ਰਚਨਾ ਦੀ ਇਮਾਰਤ ਖੜ੍ਹੀ ਕਰ ਲੈਂਦਾ ਹੈ। ਭਾਸ਼ਾ ਦੋ ਪ੍ਰਕਾਰ ਦੀ ਹੁੰਦੀ ਹੈ- ਇਕ ਬੋਲਚਾਲ ਵਾਲੀ ਤੇ ਦੂਜੀ ਸਾਹਿਤਕ। ਕਹਾਣੀਕਾਰ ਆਪਣੀ ਰਚਨਾ ਵਿਚ ਲੋੜ ਅਨੁਸਾਰ ਆਪਣੇ ਪਾਤਰਾਂ ਵਾਰਤਾਲਾਪ ਲਈ ਬੋਲਚਾਲ ਦੀ ਭਾਸ਼ਾ ਤੇ ਆਪਣੇ ਵਿਚਾਰਾਂ ਦੇ ਪ੍ਰਗਟਾਅ ਲਈ ਸਾਹਿਤਕ ਭਾਸ਼ਾ ਦੀ ਵਰਤੋਂ ਕਰਦਾ ਹੈ। ਕਿਸੇ ਵੀ ਲੇਖਕ ਜਾਂ ਕਲਾਕਾਰ ਦੀ ਸਖਸ਼ੀਅਤ ਦਾ ਕਲਾਤਮਕ-ਪ੍ਰਗਟਾਅ ਉਸ ਦੀ ਸ਼ੈਲੀ ਹੀ ਹੁੰਦੀ ਹੈ। ਸ਼ੈਲੀ ਹੀ ਕਹਾਣੀਕਾਰ ਦੀ ਅਜਿਹੀ ਲਿਖਤ ਹੁੰਦੀ ਹੈ ਜਿਹੜੀ ਉਸ ਨੂੰ ਹੋਰਾਂ ਨਾਲੋ ਨਿਖੇੜਦੀ ਹੈ। ਸਵਿੰਦਰ ਸਿੰਘ ਉੱਪਲ ਦਾ ਕਹਿਣਾ ਹੈ ਕਿ "ਭਾਸ਼ਾ ਉਸ ਮਿੱਟੀ ਦੀ ਤਰ੍ਹਾਂ ਹੈ ਜਿਸ ਨੂੰ ਗੌ ਕੇ ਘੁਮਿਆਰ ਆਪਣੀ ਲੋੜ, ਸਮਰੱਥਾ, ਕਾਬਲੀਅਤ ਤੇ ਨਿਪੁੰਨਤਾ ਅਨੁਸਾਰ

ਵਰਤਦਾ ਹੈ।"[17] ਕਹਾਣੀ ਵਿਚ ਸ਼ੈਲੀ ਦਾ ਕੰਮ ਰੌਚਿਕਤਾ ਲਿਆਉਣਾ ਹੈ ਤਾਂ ਜੋ ਪਾਠਕ ਕਹਾਣੀ ਨੂੰ ਪੜ੍ਹਕੇ ਪ੍ਰੇਰਿਤ ਹੋ ਸਕੇ।

**ਉਦੇਸ਼**

ਕਹਾਣੀ ਵਿਚ ਉਦੇਸ਼ ਸਭ ਤੋਂ ਮਹੱਤਵਪੂਰਣ ਅੰਗ ਹੈ। ਉਦੇਸ਼ ਕਹਾਣੀ ਦੀ ਆਤਮਾ ਹੁੰਦੀ ਹੈ ਤੇ ਇਸ ਵਿਚ ਕਹਾਣੀ ਦੇ ਹੋਰ ਅੰਗ ਗੋਂਦ, ਵਾਤਾਵਰਣ, ਵਾਰਤਾਲਾਪ ਆਦਿ ਇਸ ਦੀ ਧੜਕਣ ਹੁੰਦੀ ਹੈ। ਜਿਸ ਤਰ੍ਹਾਂ ਸਾਹਿਤ ਦੀ ਕੋਈ ਵੀ ਰਚਨਾ ਉਦੇਸ਼ ਤੋਂ ਬਿਨ੍ਹਾਂ ਨਹੀਂ ਹੁੰਦੀ ਉਵੇਂ ਕਹਾਣੀ ਵੀ ਉਦੇਸ਼ ਤੋਂ ਬਿਨ੍ਹਾਂ ਨਹੀਂ ਹੋ ਸਕਦੀ। ਜੇ ਹਰ ਰਚਨਾ ਵਿਚ ਉਦੇਸ਼ ਦਾ ਪ੍ਰਗਟਾਅ ਸਹੀ ਕੀਤਾ ਹੋਵੇ ਤਾਂ ਇਹ ਪ੍ਰਭਾਵ ਸਹੀ ਤੇ ਢੁੱਕਵਾਂ ਪਾਉਂਦੀ ਹੈ, ਪਰ ਜੇ ਉਦੇਸ਼ ਦਾ ਪ੍ਰਗਟਾਅ ਢੁੱਕਵਾਂ ਨਹੀਂ ਹੈ ਤਾਂ ਇਸ ਦਾ ਪ੍ਰਭਾਵ ਕਹਾਣੀ ਵਿਚ ਘੱਟ ਪੈਂਦਾ ਹੈ। ਸੁਰਿੰਦਰ ਸਿੰਘ ਨਰੂਲੇ ਦਾ ਇਹ ਕਥਨ ਬਿਲਕੁਲ ਠੀਕ ਹੈ ਕਿ "ਚੰਗੀ ਨਿੱਕੀ ਕਹਾਣੀ ਨੂੰ ਠੋਸ ਕਲਾਤਮਕ ਦ੍ਰਿਸ਼ਟੀਕੋਣ ਤੋਂ ਬਗ਼ੈਰ ਲਿਖਿਆ ਹੀ ਨਹੀਂ ਜਾ ਸਕਦਾ।"[18] ਜੇ ਘੜਿਆ ਹੋਇਆ ਉਦੇਸ਼ ਉਸ ਦੀ ਰਚਨਾ ਅਨੁਸਾਰ ਹੋਵੇਗਾ ਤਾਂ ਹੀ ਸਮਾਜ ਲਈ ਫ਼ਾਇਦੇਮੰਦ ਹੋਵੇਗਾ। ਉਦੇਸ਼ ਨਰੋਆ ਤੇ ਵਡਮੁੱਲਾ ਹੋਣਾ ਚਾਹੀਦਾ ਹੈ ਤਾਂ ਜੋ ਪਾਠਕ ਨੂੰ ਜੀਵਨ-ਸੇਧ ਦੇ ਸਕੇ।

## 1.7 ਕਹਾਣੀਕਾਰ ਜਰਨੈਲ ਸਿੰਘ ਦਾ ਜੀਵਨ, ਰਚਨਾ ਜਗਤ ਅਤੇ ਸਾਹਿਤਕ ਪਿਛੋਕੜ

ਜਰਨੈਲ ਸਿੰਘ ਪੰਜਾਬੀ ਜਗਤ ਵਿਚ ਵਿਸ਼ੇਸ ਸਥਾਨ ਰੱਖਦਾ ਹੈ। ਜਰਨੈਲ ਸਿੰਘ ਨੇ ਪੰਜਾਬੀ ਸਾਹਿਤ ਵਿਚ ਕਹਾਣੀਕਾਰ ਪੱਖੋਂ ਨਵੀਂ ਪੁਲਾਂਘ ਪੁੱਟੀ। ਜਰਨੈਲ ਨੇ ਪਰਵਾਸੀ ਪੰਜਾਬੀ ਸਾਹਿਤ ਵਿਚ ਵੀ ਮਹੱਤਵਪੂਰਨ ਸਥਾਨ ਪ੍ਰਾਪਤ ਕੀਤਾ ਹੈ। ਜਰਨੈਲ ਸਿੰਘ ਆਪਣੀਆਂ ਕਹਾਣੀਆਂ ਵਿਚ ਇਕ ਅਨੋਖੀ ਜਿਹੀ ਲੈਅ ਲੈ ਆਉਂਦਾ ਹੈ, ਜਿਸ ਨੂੰ ਪੜ੍ਹਦਿਆਂ ਸਭ ਦੇ ਮਨ ਪਾਣੀ ਵਾਂਗ ਉਛਾਲੇ ਮਾਰਨ ਲੱਗ ਜਾਂਦੇ ਹਨ। ਜਰਨੈਲ ਸਿੰਘ ਨੇ ਪਰਵਾਸੀ ਪੰਜਾਬੀ ਸਾਹਿਤ ਵਿਚ ਆਪਣੀ ਰਚਨਾ-ਦ੍ਰਿਸ਼ਟੀ ਤੇ ਕਥਾ ਸੰਗਠਨ ਪੱਖੋਂ ਨਵੀਂ ਪੁਲਾਂਘ ਪੁੱਟੀ ਹੈ।

ਪਰਵਾਸੀ ਪੰਜਾਬੀ ਸਾਹਿਤ ਵਿਚ ਉਸ ਦੇ ਕਹਾਣੀ ਸੰਗ੍ਰਹਿਆਂ ਦੀ ਆਮਦ ਨਾਲ ਜਰਨੈਲ ਦਾ ਨਾਮ ਉਚਾਈਆਂ ਤਕ ਪਹੁੰਚ ਗਿਆ ਹੈ, ਜਿਸ ਕਾਰਨ ਉਸ ਦਾ ਨਾਮ ਪੰਜਾਬੀ ਜਗਤ ਵਿਚ ਮਹੱਤਤਾ ਰੱਖਦਾ ਹੈ।

### 1.7.1 ਜਰਨੈਲ ਸਿੰਘ ਦਾ ਜੀਵਨ

ਜਰਨੈਲ ਸਿੰਘ ਪੰਜਾਬੀ ਸਾਹਿਤ ਵਿਚ ਉੱਘੇ ਕਹਾਣੀਕਾਰਾਂ ਵਿਚੋਂ ਪ੍ਰਮੁੱਖ ਕਹਾਣੀਕਾਰ ਹੈ। ਜਰਨੈਲ ਸਿੰਘ ਦਾ ਜਨਮ 15 ਜੂਨ 1944 ਨੂੰ ਪਿੰਡ ਮੇਘੋਵਾਲ਼ ਗੰਜਿਆਂ, ਹੁਸ਼ਿਆਰਪੁਰ (ਪੰਜਾਬ) ਵਿਚ ਹੋਇਆ। ਜਰਨੈਲ ਸਿੰਘ ਨੇ ਵਿਦਿਆ ਪੱਖੋਂ ਐਮ.ਏ.ਅੰਗਰੇਜ਼ੀ ਅਤੇ ਪੰਜਾਬੀ ਦੀ ਭਰਪੂਰ ਸਿੱਖਿਆ ਗ੍ਰਹਿਣ ਕੀਤੀ। ਜਰਨੈਲ ਸਿੰਘ ਪਹਿਲਾ ਕਿੱਤੇ ਵਜੋਂ ਭਾਰਤੀ ਹਵਾਈ ਸੈਨਾ (1962-1977) ਵਿਚ ਭਰਤੀ ਹੋਏ ਹਨ ਤੇ ਫਿਰ ਉਨ੍ਹਾਂ ਨੇ ਬੈਂਕ ਅਕਾਊਟੈਂਟ ਵਿਚ 1977 ਤੋਂ ਲੈ ਕੇ 1988 ਵਿਚ ਨੌਕਰੀ ਕੀਤੀ। ਜਰਨੈਲ ਪਰਵਾਸ ਧਾਰਨ ਕਰਨ ਉਪਰੰਤ ਕੈਨੇਡਾ ਵਿਚ ਵਾਸ ਕੀਤਾ ਤੇ ਕੈਨੇਡਾ ਵਿਚ ਕਿੱਤੇ ਵਜੋਂ ਸਕਿਉਰਿਟੀ ਅਫ਼ਸਰ, ਇੰਟਰਨੈਸ਼ਨਲ ਏਅਰ ਪੋਰਟ ਟੋਰਾਂਟੋ ਵਿਚ 1989 ਤੋਂ 2010 ਤਕ ਨੌਕਰੀ ਕੀਤੀ।

### 1.7.2 ਜਰਨੈਲ ਸਿੰਘ ਦਾ ਰਚਨਾ ਜਗਤ

ਜਰਨੈਲ ਸਿੰਘ ਆਧੁਨਿਕ ਸਮੇਂ ਦਾ ਕਹਾਣੀਕਾਰ ਹੈ। ਜਰਨੈਲ ਸਿੰਘ ਬਹੁਤ ਹੀ ਸੂਝਵਾਨ ਕਹਾਣੀਕਾਰ ਹੋਣ ਕਰ ਕੇ ਕਹਾਣੀਕਾਰ ਦੀ ਕਤਾਰ ਇਕ ਵਿਚੋਂ ਪ੍ਰਮੁੱਖ ਕਹਾਣੀਕਾਰ ਬਣ ਚੁੱਕਾ ਹੈ। ਪੰਜਾਬੀ ਜਗਤ ਵਿਚ ਜਰਨੈਲ ਸਿੰਘ ਦੇ ਛਪ ਚੁੱਕੇ ਕਹਾਣੀ ਸੰਗ੍ਰਹਿ - 'ਮੈਨੂੰ ਕੀ' (1981), 'ਮਨੁੱਖ ਤੇ ਮਨੁੱਖ' (1983), 'ਸਮੇਂ ਦੇ ਹਾਣੀ' (1987), 'ਦੋ ਟਾਪੂ' (1999), 'ਟਾਵਰਜ਼' (2005) ਹਨ। ਜਰਨੈਲ ਸਿੰਘ ਦੀ ਸੰਪਾਦਤ ਹੋ ਚੁੱਕਾ ਕਹਾਣੀ ਸੰਗ੍ਰਹਿ ਮੇਪਲ ਦੇ ਰੰਗ (ਕੈਨੇਡੀਅਨ ਪੰਜਾਬੀ ਕਹਾਣੀ) ਹੈ । ਇਸ ਤੋਂ ਬਾਅਦ ਵਿਚ ਜਰਨੈਲ ਸਿੰਘ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਪਾ ਦਿੱਤਾ ਹੈ। ਇਨ੍ਹਾਂ ਕਹਾਣੀਆਂ ਵਿਚ ਉਸ ਨੇ ਕਿਰਸਾਨੀ ਜੀਵਨ ਦੇ ਸੰਕਟ, ਆਰਥਿਕ ਟੁੱਟ-ਭੱਜ, ਵਿਸ਼ਵੀਕਰਨ, ਰਿਸ਼ਤਿਆਂ ਦੀ ਟੁੱਟ-ਭੱਜ ਆਦਿ ਪਰਵਾਸ ਮਸਲਿਆਂ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਉਕਤ ਪ੍ਰਕਾਸ਼ਨਾਵਾਂ ਤੋਂ ਇਲਾਵਾਂ ਕਹਾਣੀਕਾਰ ਜਰਨੈਲ ਸਿੰਘ ਨੇ ਮੈਗਜ਼ੀਨ 'ਹੁਣ' ਵਿਚ 'ਪੱਤਿਆਂ ਨਾਲ ਢਕੇ ਜਿਸਮ', 'ਮੁਹਾਜ਼' ਤੇ 'ਨਦੀਨ'

ਕਹਾਣੀਆਂ ਛਪ ਚੁੱਕੀਆਂ ਹਨ। ਇਸੇ ਤਰ੍ਹਾਂ ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਦੋ ਟਾਪੂ' ਆਪਣੀ ਵਿਲੱਖਣਤਾ ਪੱਖੋਂ ਹਿੰਦੀ ਭਾਸ਼ਾ ਵਿਚ ਅਨੁਵਾਦਿਤ ਹੋਇਆ ਤੇ ਪਾਕਿਸਤਾਨ ਦੀ ਭਾਸ਼ਾ ਉਰਦੂ (ਸ਼ਾਹਮੁਖੀ) ਵਿਚ ਛਾਪਿਆ।

### 1.7.3 ਜਰਨੈਲ ਸਿੰਘ ਦਾ ਸਾਹਿਤਕ ਪਿਛੋਕੜ

ਜਰਨੈਲ ਸਿੰਘ ਦਾ ਜਨਮ 15 ਜੂਨ 1944 ਨੂੰ ਪਿੰਡ ਮੇਘੋਵਾਲ ਗੰਜਿਆਂ ਵਿਚ ਸਾਧਾਰਨ ਕਿਸਾਨੀ ਪਰਿਵਾਰ ਵਿਚ ਹੋਇਆ। ਆਪ ਜੀ ਦੇ ਪਰਿਵਾਰ ਵਿਚ ਪਿਤਾ ਮਹਿੰਦਰ ਸਿੰਘ ਅਤੇ ਮਾਤਾ ਭਾਗ ਕੌਰ, ਦੋ ਭੈਣਾਂ ਬਖ਼ਸੀਸ ਕੌਰ, ਗੁਰਦੀਸ਼ ਕੌਰ ਤੇ ਦੋ ਭਰਾ ਬਖਸ਼ੀਸ਼ ਸਿੰਘ, ਕੁਲਦੀਪ ਸਿੰਘ ਸਨ। ਜਰਨੈਲ ਸਿੰਘ ਦੇ ਘਰ ਦੀ ਆਰਥਿਕ ਹਾਲਤ ਮਾੜੀ ਹੋਣ ਕਰਕੇ ਉਸ ਨੂੰ ਆਪਣੀ ਪੜ੍ਹਾਈ ਮੈਟ੍ਰਿਕ ਤੋਂ ਅੱਗੇ ਨਾ ਕਰ ਸਕੇ। ਇਸ ਤੋਂ ਬਾਅਦ ਜਰਨੈਲ ਏਅਰ ਫੋਰਸ ਵਿਚ ਭਰਤੀ ਹੋ ਗਏ ਸਨ। ਉਨ੍ਹਾਂ ਨੇ ਕਮਿਸ਼ੰਨਡ ਅਫ਼ਸਰ ਬਣਨ ਦੇ ਯਤਨ ਕੀਤੇ ਸਨ। ਪਰ ਜਰਨੈਲ ਸਿੰਘ ਦੇ ਦੋਸਤ ਨੂੰ ਇਹ ਨੌਕਰੀ ਮਿਲ ਗਈ, ਜਿਸ ਕਰਕੇ ਨੌਕਰੀ ਨਾ ਮਿਲਣ ਕਰਕੇ ਬਹੁਤ ਨਿਰਾਸ਼ਾ ਹੋਈ। ਇਸ ਬਾਰੇ ਬਿਆਨ ਕਰਦੇ ਹੋਏ ਲਿਖਦੇ ਹਨ :-

"ਮੇਰੇ ਦੋਵੇਂ ਮਿੱਤਰ ਤਾਂ ਕਮਿਸ਼ੰਨਡ ਅਫ਼ਸਰ ਬਣ ਗਏ, ਪਰ ਮੈਂ ਰਹਿ ਗਿਆ। ਮੈਨੂੰ ਇੰਜ ਲੱਗਾ ਜਿਵੇਂ ਮੈਂ ਆਪਣੇ ਨਾਲਦਿਆਂ ਨਾਲੋਂ ਜ਼ਿੰਦਗੀ ਵਿਚ ਬਹੁਤ ਪਿਛਾਂਹ ਰਹਿ ਗਿਆ ਹੋਵਾਂ। ਏਅਰ ਫੋਰਸ ਦੀ ਸਾਧਾਰਨ ਰੈਂਕਾਂ ਵਾਲੀ ਨੌਕਰੀ ਭਾਵੇਂ ਮਾੜੀ ਨਹੀਂ ਸੀ, ਪਰ ਇਹ ਜ਼ਿੰਦਗੀ ਵਾਸਤੇ ਕੋਈ ਕੈਰੀਅਰ ਨਹੀਂ ਸੀ। ਵਿਆਹ ਹੋ ਚੁੱਕਾ ਸੀ ਤੇ ਭਵਿੱਖ ਵੱਲ ਵੇਖਦਿਆਂ ਮੈਂ ਪੜ੍ਹਾਈ 'ਚ ਖੁਭ ਗਿਆ। ਪੰਜਾਬ ਯੂਨੀਵਰਸਿਟੀ ਤੋਂ ਪ੍ਰਾਈਵੇਟ ਬੀ.ਏ. ਕਰਕੇ ਐਮ.ਏ. ਕਰਨ ਦੀ ਸੋਚ ਲਈ।"[19]

ਜਰਨੈਲ ਸਿੰਘ ਨੇ ਅੰਗਰੇਜ਼ੀ ਦੀ ਐਮ.ਏ. ਕਰਨ ਤੋਂ ਬਾਅਦ ਪੰਜਾਬੀ ਦੀ ਐਮ.ਏ. ਕਰਦਿਆਂ ਕਹਾਣੀ ਦੇ ਵਿਸ਼ੇ ਤੇ ਰੂਪ ਬਾਰੇ ਪੜ੍ਹਿਆ ਤਾਂ ਉਹ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਦੀ ਰੁਚੀ ਕਹਾਣੀ ਵਲ ਨੂੰ ਵਧੇਰੇ ਹੋ ਗਈ।

ਜਦੋਂ ਜਰਨੈਲ ਸਿੰਘ ਬੈਂਕ ਅਕਾਉਟੈਂਟ ਦੀ ਨੌਕਰੀ ਕਰਦਾ ਸੀ ਤਾਂ ਜ਼ਿੰਦਗੀ ’ਚ ਜ਼ਿਆਦਾ ਦੌੜ-ਭੱਜ ਨਾ ਹੋਣ ਕਰਕੇ ਉਹ ਪੜ੍ਹਾਈ ਨਾਲ ਦੁਆਰਾ ਜੁੜ ਗਿਆ। ਉਸ ਦੀਆਂ ਉਸ ਸਮੇਂ ‘ਅਜੀਤ’, ‘ਸੰਪਰਕ’, ‘ਨੀਲਮਣੀ’ ਆਦਿ ਅਖ਼ਬਾਰਾਂ ਤੇ ਰਸਾਲਿਆਂ ਵਿਚ ਕਹਾਣੀਆ ਛਪੀਆ। ਇਸ ਤੋਂ ਉਸ ਦਾ ਸਾਹਿਤਕਾਰ ਬਣਨ ਦਾ ਸਫ਼ਰ ਸ਼ੁਰੂ ਹੁੰਦਾ ਹੈ।

ਕਹਾਣੀਕਾਰ ਜਰਨੈਲ ਸਿੰਘ ਨੇ ਕਥਾ-ਸੰਗਠਨ ਤੇ ਰਚਨਾ-ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ’ਚ ਨਵੀਂ ਪੁਲਾਂਘ ਪੁੱਟੀ। ਜਰਨੈਲ ਸਿੰਘ ਨੇ ਪਰਵਾਸ ਤੋਂ ਪਹਿਲਾ ਤਿੰਨ ਕਹਾਣੀ ਸੰਗ੍ਰਹਿਆਂ ਦੀ ਸਿਰਜਣਾ ਕੀਤੀ, ਜਿਨ੍ਹਾਂ ਦੇ ਆਰਥਿਕ ਮੰਦਹਾਲੀ, ਫੌਜੀ ਜੀਵਨ, ਕਿਸਾਨੀ ਜੀਵਨ ਨਾਲ ਸੰਬੰਧਿਤ ਆਦਿ ਵਿਸ਼ੇ ਹਨ।

ਜਰਨੈਲ ਸਿੰਘ ਨੇ 1988 ਵਿਚ ਪਰਵਾਸ ਧਾਰਨ ਕਰਨ ਉਪਰੰਤ ਪਰਵਾਸੀ ਜੀਵਨ ਤੇ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੇ ਜੀਵਨ ਅਨੁਭਵ ਨੂੰ ਬਹੁਤ ਨਜ਼ਦੀਕੀ ਨਾਲ ਵੇਖਿਆ। ਪਰਵਾਸ ਧਾਰਨ ਤੋਂ ਬਾਅਦ ਉਸ ਨੇ ਆਪਣੀਆਂ ਕਹਾਣੀਆਂ ਦੇ ਵਿਸ਼ੇ ਭੂ-ਹੇਰਵਾ, ਬਜ਼ੁਰਗਾਂ ਦੀ ਹਾਲਤ, ਨਸਲਵਾਦ, ਪੀੜ੍ਹੀ-ਪਾੜਾ ਆਦਿ ਹਨ।

### 1.7.4. ਜਰਨੈਲ ਸਿੰਘ ਨੂੰ ਪ੍ਰਾਪਤ ਸਨਮਾਨ

- ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਪਰਵਾਸੀ ਸਾਹਿਤਕਾਰ ਐਵਾਰਡ ਨਾਲ ਸਨਮਾਨਿਤ
- ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਪੁਰਸਕਾਰ
- ਕੈਨੇਡਾ (ਵੈਨਕੂਵਰ) 2015 ਵਿਚ ਅੰਤਰ-ਰਾਸ਼ਟਰੀ ਢਾਹਾਂ ਸਾਹਿਤ ਐਵਾਰਡ
- ਪੰਜਾਬੀ ਭਾਸ਼ਾ ਤੇ ਸਭਿਆਚਾਰ ਵਿਚ ਪੰਜਾਬੀ ਸੱਥ ਵੱਲੋਂ ਯੋਗਦਾਨ ਲਈ ਸਨਮਾਨ
- ਕੈਨੇਡਾ ਵੱਲੋਂ ਇਕਬਾਲ ਅਰਪਣ ਮੈਮੋਰੀਅਲ ਐਵਾਰਡ ਕੈਲਗਰੀ

### 1.7.5 ਸਾਹਿਤਕ ਸਫ਼ਰ ਵਿਚ ਮਿਲੀਆਂ ਪ੍ਰਾਪਤੀਆਂ

- ਭਾਰਤੀ ਸਾਹਿਤ ਅਕਾਦਮੀ ਨੇ ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਟਾਵਰਜ਼' ਦੀ ਟਾਈਟਲ ਕਹਾਣੀ ਨੂੰ ਇੰਡੀਅਨ ਲਿਟਰੇਚਰ ਮੈਗਜ਼ੀਨ ਵਿਚ ਅੰਗਰੇਜ਼ੀ ਵਿਚ ਅਨੁਵਾਦਿਤ ਕਰਕੇ ਛਾਪਿਆ।

- 'ਟਾਵਰਜ਼' ਕਹਾਣੀ ਸੰਗ੍ਰਹਿ ਵਿਚ ਕਹਾਣੀਆਂ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਦੇ ਪ੍ਰਸੰਗ ਵਿਚ ਪੰਜਾਬੀ ਸਾਹਿਤ ਦੇ ਉੱਘੇ 23 ਵਿਦਵਾਨਾਂ ਨੇ ਲੇਖ ਲਿਖੇ, ਜਿਨ੍ਹਾਂ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਡਾ. ਕਰਮਜੀਤ ਸਿੰਘ ਤੇ ਡਾ. ਹਰਸਿਮਰਨ ਸਿੰਘ ਰੰਧਾਵਾ ਨੇ 'ਟਾਵਰਜ਼ ਵਸਤੂ, ਵਿਧੀ ਅਤੇ ਦ੍ਰਿਸ਼ਟੀ' ਨਾਮ ਦੀ ਬਹੁਮੁੱਲੀ ਪੁਸਤਕ ਵਿਚ ਸੰਪਾਦਿਤ ਕੀਤਾ ਗਿਆ ਹੈ।

- ਪੰਜਾਬ ਯੂਨੀਵਰਸਿਟੀ ਪਟਿਆਲਾ ਦੇ Department of Development of Punjabi Language ਵੱਲੋਂ, ਪੰਜਾਬੀ ਗਲਪ ਦੀਆਂ ਸ਼ਾਹਕਾਰ ਰਚਨਾਵਾਂ ਦਾ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦ ਦੀ ਸਕੀਮ ਅਧੀਨ ਜਰਨੈਲ ਸਿੰਘ ਦੀਆਂ ਪ੍ਰਤੀਨਿਧ ਕਹਾਣੀਆਂ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਵਾ ਕੇ ਪੁਸਤਕ ਦੇ ਰੂਪ ਵਿਚ ਦਿੱਤਾ ਜਾ ਰਿਹਾ ਹੈ।

ਸੋ ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਕਹਾਣੀ ਅਜਿਹੀ ਵਿਧਾ ਹੈ, ਜੋ ਪੁਰਾਤਨ ਸਮੇਂ ਤੋਂ ਹੁਣ ਤਕ ਹਰਮਨ-ਪਿਆਰੀ ਤੇ ਮਨੋਰੰਜਨ ਦਾ ਸਾਧਨ ਬਣੀ ਹੋਈ ਹੈ। ਪੰਜਾਬੀ ਸਾਹਿਤ ਵਿਚ ਕਹਾਣੀ ਵਿਸ਼ੇਸ਼ ਮਹਤਤਾ ਰੱਖਦੀ ਹੈ। ਕਹਾਣੀ ਵਿਧਾ ਹਰਮਨ ਪਿਆਰੀ ਹੋਣ ਕਰਕੇ ਇਸ ਨੂੰ ਬਹੁਤ ਸਾਰੇ ਸਾਹਿਤਕਾਰਾਂ ਤੇ ਲੇਖਕਾਂ ਨੇ ਅਪਣਾਇਆ ਹੈ। ਕਹਾਣੀ ਵਿਧਾ ਪੰਜਾਬੀ ਸਾਹਿਤ ਵਿਚ ਵਧੇਰੇ ਮਹੱਤਤਾ ਰੱਖਦੀ ਹੈ।

## ਹਵਾਲੇ ਟਿੱਪਣੀਆਂ


1. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿੱਧਾਂਤ ਤੇ ਵਿਕਾਸ, ਪੰਨਾ – 1
2. ਡਾ. ਬਲਵਿੰਦਰ ਸਿੰਘ ਥਿੰਦ, ਕਹਾਣੀ ਸਿਧਾਂਤ ਅਤੇ ਜਰਨੈਲ ਸਿੰਘ ਦੀ ਕਥਾ ਸੰਵੇਦਨਾ, ਪੰਨਾ – 20
3. ਉਹੀ, ਪੰਨਾ – 21
4. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿੱਧਾਂਤ ਤੇ ਵਿਕਾਸ, ਪੰਨਾ – 16
5. ਉਹੀ, ਪੰਨਾ – 17
6. ਡਾ. ਬਲਵਿੰਦਰ ਸਿੰਘ ਥਿੰਦ, ਕਹਾਣੀ ਸਿਧਾਂਤ ਅਤੇ ਜਰਨੈਲ ਸਿੰਘ ਦੀ ਕਥਾ ਸੰਵੇਦਨਾ, ਪੰਨਾ – 26, 27
7. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿੱਧਾਂਤ ਤੇ ਵਿਕਾਸ, ਪੰਨਾ – 2
8. ਡਾ. ਬਲਵਿੰਦਰ ਸਿੰਘ ਥਿੰਦ, ਕਹਾਣੀ ਸਿਧਾਂਤ ਅਤੇ ਜਰਨੈਲ ਸਿੰਘ ਦੀ ਕਥਾ ਸੰਵੇਦਨਾ, ਪੰਨਾ – 29
9. ਉਹੀ, ਪੰਨਾ – 30
10. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿੱਧਾਂਤ ਤੇ ਵਿਕਾਸ, ਪੰਨਾ – 18
11. ਉਹੀ, ਪੰਨਾ – 12
12. ਡਾ. ਬਲਵਿੰਦਰ ਸਿੰਘ ਥਿੰਦ, ਕਹਾਣੀ ਸਿਧਾਂਤ ਅਤੇ ਜਰਨੈਲ ਸਿੰਘ ਦੀ ਕਥਾ ਸੰਵੇਦਨਾ, ਪੰਨਾ – 27
13. ਉਹੀ, ਪੰਨਾ – 33
14. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿੱਧਾਂਤ ਤੇ ਵਿਕਾਸ, ਪੰਨਾ – 18
15. ਉਹੀ, ਪੰਨਾ – 38
16. ਉਹੀ, ਪੰਨਾ – 105
17. ਉਹੀ, ਪੰਨਾ – 117
18. ਉਹੀ, ਪੰਨਾ – 124
19. ਡਾ. ਬਲਵਿੰਦਰ ਸਿੰਘ ਥਿੰਦ, ਕਹਾਣੀ ਸਿਧਾਂਤ ਅਤੇ ਜਰਨੈਲ ਸਿੰਘ ਦੀ ਕਥਾ ਸੰਵੇਦਨਾ, ਪੰਨਾ - 99

# ਅਧਿਆਇ ਦੂਜਾ

# ਕੈਨੇਡੀਅਨ ਪੰਜਾਬੀ ਕਹਾਣੀ ਦਾ ਇਤਿਹਾਸਕ ਵਿਕਾਸ ਅਤੇ

# ਪਰਵਾਸੀ ਮਸਲਿਆਂ ਦਾ ਵਿਸ਼ਲੇਸ਼ਣ

## 2.1 ਕੈਨੇਡਾ ਬਾਰੇ ਮੁੱਢਲੀ ਜਾਣਕਾਰੀ

ਕੈਨੇਡਾ ਵਿਸ਼ਵ ਦੇ ਵਿਕਸਿਤ ਤੇ ਉਨੱਤ ਦੇਸ਼ਾਂ ਵਿਚੋਂ ਪ੍ਰਫੁਲਤ ਦੇਸ਼ ਹੈ। ਕੈਨੇਡਾ ਨੂੰ ਦੁਨੀਆਂ ਦਾ ਸਭ ਤੋਂ ਅਮਨ ਤੇ ਸ਼ਾਤੀ ਵਾਲਾ ਦੇਸ਼ ਮੰਨਿਆ ਗਿਆ ਹੈ। ਕੈਨੇਡਾ ਵਿਚ 6 ਕਰੋੜ ਆਬਾਦੀ ਵਿਚੋਂ ਲਗਭਗ 6 ਫੀਸਦੀ ਦੇ ਕਰੀਬ ਪੰਜਾਬੀ ਹਨ ਜੋ ਦੇਸ਼ ਦੇ ਹਰ ਇੱਕ ਖੇਤਰ ਵਿਚ ਫੈਲੇ ਹੋਏ ਹਨ। ਕੈਨੇਡਾ ਵਿਗਿਆਨਕ ਤੇ ਤਕਨਾਲੋਜੀ ਕਰਕੇ ਵਧੇਰੇ ਵਿਕਸਿਤ ਹੈ। ਇਹ ਦੇਸ਼ ਅਟੌਮਿਕ ਏਨਰਜੀ ਪੈਦਾ ਕਰਨ ਵਿਚ ਸਭ ਤੋਂ ਅੱਗੇ ਹੈ।

ਕੈਨੇਡਾ ਦਾ 1867 ਵਿਚ ਸੁਤੰਤਰ ਹੋਣ ਤੋਂ ਪਹਿਲਾ ਇਸ ਦਾ ਨਾਂ ਬ੍ਰਿਟਿਸ਼ ਨਾਰਥ ਅਮਰੀਕਾ ਸੀ। ਕੈਨੇਡਾ ਦਾ ਕੌਮੀ ਚਿੰਨ੍ਹ ਮੈਪਲ ਲੀਫ ਹੈ। ਕੈਨੇਡਾ ਦੀ ਰਾਜਧਾਨੀ ਓਟਵਾ ਹੈ ਜਿਸ ਨੂੰ ਪੰਜਾਬੀ ਲੋਕ ਓਟਾਵਾ ਵੀ ਆਖਦੇ ਹਨ। ਕੈਨੇਡਾ ਦੀ ਧਰਤੀ ਨੂੰ ਵਿਸ਼ਵ ਭਰ ਦੀ ਸਭ ਤੋਂ ਖ਼ੂਬਸੂਰਤ ਤੇ ਸੁਹਾਵਣੀ ਮੰਨਿਆ ਜਾਂਦਾ ਹੈ। 1995 ਦੀ ਜਨਸੰਖਿਆ ਅਨੁਸਾਰ ਕੈਨੇਡਾ ਦੀ ਕੁਲ ਆਬਾਦੀ 28972000 ਸੀ ਪਰ ਹੁਣ ਵਧ ਕੇ 5 ਕਰੋੜ ਤੋਂ ਵੀ ਉਪਰ ਹੋ ਗਈ ਹੈ। ਇਸ ਦਾ ਖੇਤਰਫਲ 997500 ਕਿਲੋਮੀਟਰ ਹੈ ਤੇ ਇਸ ਦੇ 10 ਸੂਬੇ ਤੇ 2 ਟੈਰੀਟੋਰੀਅਲ ਇਲਾਕੇ ਹਨ। ਇਸ ਨੂੰ ਬਹੁ - ਨਸਲੀ ਦੇਸ਼ ਵੀ ਕਿਹਾ ਜਾਂਦਾ ਹੈ। ਕੈਨੇਡਾ ਵਿਚ ਬਹੁਤ ਸਾਰੇ ਨਸਲਾਂ, ਜਾਤਾਂ ਤੇ ਕੌਮਾਂ ਦੇ ਲੋਕ ਵਸੇ ਹੋਏ ਹਨ ਜਿਨ੍ਹਾਂ ਨੇ ਇਸ ਵਿਕਸਿਤ ਦੇਸ਼ ਵਿਚ ਵਸਣ ਨਾਲ ਵਧੇਰੇ ਉੱਨਤੀ ਤੇ ਤਰੱਕੀ ਪ੍ਰਾਪਤ ਕੀਤੀ ਹੈ। ਇਨ੍ਹਾਂ ਨਸਲੀ ਜਾਤਾਂ ਵਿਚੋਂ ਆਦਿਵਾਸੀਆਂ ਦੀ ਸੰਖਿਆਂ ਬਹੁਤ ਘੱਟ ਸੀ। ਕੌਮੀਅਤ ਦੇ ਲਿਹਾਜ਼ ਅਨੁਸਾਰ ਅੰਗਰੇਜ਼ 45 ਫੀਸਦੀ ਸਨ ਅਤੇ 29 ਫੀਸਦੀ ਫਰਾਂਸੀਸੀ ਸਨ। ਇਨ੍ਹਾਂ ਵਿਚ 23% ਯੂਰਪੀਅਨ ਸਨ ਜਿਨ੍ਹਾਂ ਵਿਚ ਏਸ਼ੀਅਨ ਤੇ ਪੰਜਾਬੀ ਲੋਕ ਵੀ ਸ਼ਾਮਿਲ ਸਨ।

ਕੈਨੇਡਾ ਦਾ ਆਜ਼ਾਦੀ ਦਿਵਸ 1 ਜੁਲਾਈ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਬਹੁਤ ਹੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਆਬਾਦੀ ਪੱਖੋਂ ਸਿੱਖ ਦੀ ਕੈਨੇਡਾ ਵਿਚ ਆਬਾਦੀ ਢਾਈ ਫੀਸਦੀ ਹਿੱਸਾ ਹੈ। ਪਰ ਕੈਨੇਡਾ ਵਿਚ ਸਿੱਖ ਹਰ ਖਿੱਤੇ ਵਿਚ ਛਾਏ ਹੋਏ ਹਨ। ਅੱਜ ਕੈਨੇਡਾ ਤੇ ਹੋਰ ਦੇਸ਼ਾਂ ਵਿਚ ਪੰਜਾਬੀਆਂ ਨੇ ਅਜਿਹਾ ਵਾਸ ਕੀਤਾ ਹੈ ਕਿ ਪੰਜਾਬ ਨਾਲੋਂ ਵਧੇਰੇ ਪੰਜਾਬੀ ਯੂਰਪੀਅਨ ਦੇਸ਼ਾਂ ਵਿਚ ਰਹਿ ਰਹੇ ਹਨ। ਵੈਨਕੂਵਰ ਜਾਂ ਟਰਾਂਟੋ ਦੇ ਏਅਰਪੋਰਟ ਤੋਂ ਬਾਹਰ ਨਿਕਲੋਂ ਤਾਂ ਉੱਥੇ ਹੋਰਾਂ ਨਸਲਾਂ ਦੇ ਲੋਕ ਬਹੁਤ ਘੱਟ ਦਿਖਾਈ ਦਿੱਤੇ ਜਾਣਗੇ ਸਗੋਂ ਉਨ੍ਹਾਂ ਦੇ ਮੁਕਾਬਲੇ ਪੱਗੜੀਆਂ ਵਾਲੇ ਟੈਕਸੀ ਡਰਾਈਵਰ ਵਧੇਰੇ ਦਿਸਦੇ ਹਨ। ਭਾਵੇਂ ਕੈਨੇਡਾ ਦੇ ਕਿਸੇ ਵੀ ਸ਼ਹਿਰ ਜਾਂ  ਥਾਂ ਤੇ ਜਾ ਕੇ ਦੇਖਿਆ ਜਾਵੇ ਤਾਂ ਸਾਰੇ ਪਾਸੇ ਪੰਜਾਬੀਆਂ ਦੇ ਗੁਰਦੁਆਰਾ ਸਾਹਿਬ, ਦੁਕਾਨਾਂ, ਪੰਜਾਬੀ ਵਿਚ ਲਿਖੇ ਹੋਏ ਸਾਈਨ ਬੋਰਡ ਦਿਖਾਈ ਦਿੰਦੇ ਹਨ। ਟਰਾਂਟੋ ਤੇ ਵੈਨਕੂਵਰ ਵਿਚ ਘੁੰਮਦਿਆਂ ਫਿਰਦਿਆਂ ਤਾਂ ਇੰਝ ਜਾਪਦਾ ਹੈ ਕਿ ਇਨਸਾਨ ਪੰਜਾਬ ਦੇ ਹੀ ਸ਼ਹਿਰ ਵਿਚ ਘੁੰਮ ਰਿਹਾ ਹੋਵੇ ਕਿਉਂਕਿ ਹੁਣ ਵਿਦੇਸ਼ਾਂ ਵਿਚ ਯੂਰਪੀਅਨ ਲੋਕ ਘੱਟ ਦਿਸਦੇ ਹਨ ਤੇ ਪੰਜਾਬੀ ਲੋਕ ਜਿਆਦਾ ਹਨ।

ਸਿੱਖਾਂ ਨੇ ਕੈਨੇਡਾ ਵਿਚ ਪੰਜਾਬੀ ਬੋਲੀ ਨੂੰ ਹਰਮਨ ਪਿਆਰਾ ਬਣਾ ਦਿੱਤਾ ਹੈ। ਉੱਥੋਂ ਦੇ ਰਹਿਣ ਵਾਲੇ ਪੰਜਾਬੀ ਵਾਸੀ ਲੋਕ ਜਦੋਂ ਆਪਸ ਵਿਚ ਮਿਲਦੇ ਹਨ ਤਾਂ ਉਹ ਇਕ - ਦੂਜੇ ਨਾਲ ਪੰਜਾਬੀ ਵਿਚ ਗੱਲ - ਬਾਤ ਕਰਦੇ ਹਨ। ਉਹ ਜਦੋਂ ਕਿਤੇ ਵੀ ਦੁਕਾਨਾਂ ਤੇ ਸਾਮਾਨ ਖਰੀਦਣ ਜਾਂਦੇ ਹਾਂ ਤਾਂ ਦੁਕਾਨਦਾਰ ਇਕ-ਦੂਜੇ ਨੂੰ ਪੰਜਾਬੀ ਵਿਚ ਬੁਲਾਉਂਦੇ ਹਨ। ਇੱਥੋਂ ਤਕ ਪੰਜਾਬੀ ਬੋਲੀ ਦਾ ਪ੍ਰਭਾਵ ਅੰਗਰੇਜ਼ ਲੋਕਾਂ ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ। ਹੁਣ ਤਾਂ ਯੂਰਪੀਅਨ ਦੇਸ਼ਾਂ ਕੁਝ ਅੰਗਰੇਜ਼ ਲੋਕ ਵੀ ਪੰਜਾਬੀ ਬੋਲਣਾ ਪਸੰਦ ਕਰਦੇ ਹਨ। ਕੈਨੇਡਾ ਵਿਚ ਹੁਣ ਲਗਭਗ ਗੁਰਦੁਆਰਿਆਂ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਂਦੀ ਹੈ। ਹੁਣ ਤਾਂ ਕਾਫ਼ੀ ਗਿਣਤੀ ਵਿਚ ਪੰਜਾਬੀ ਵਿਚ ਲੇਖਕਾਂ ਦੀਆਂ ਪੁਸਤਕਾਂ ਵੀ ਛਪੀਆਂ ਹਨ। ਕੈਨੇਡਾ ਵਿਚ ਪੰਜਾਬੀ ਅਖ਼ਬਾਰਾਂ ਨੇ ਵੀ ਵਿਸ਼ੇਸ਼ ਥਾਂ ਬਣਾਇਆ ਹੋਇਆ ਹੈ। ਉੱਥੇ ਰਸਾਲੇ, ਮੈਗ਼ਜੀਨ, ਰੇਡੀਓ, ਟੈਲੀਵੀਜਨ ਉੱਤੇ ਭਾਰਤੀ ਤੇ ਪੰਜਾਬੀ ਖ਼ਬਰਾਂ ਤੇ ਹੋਰ ਜਾਣਕਾਰੀ ਦਿੰਦੇ ਰਹਿੰਦੇ ਹਨ। ਉੱਥੇ ਪੰਜਾਬੀ ਅਖ਼ਬਾਰਾਂ ਵਿਚ ਇੰਡੋ – ਕੈਨੇਡੀਅਨ ਟਾਈਮਜ਼, ਚੜ੍ਹਦੀ ਕਲਾ, ਹਮਦਰਦ, ਪੰਜ ਪਾਣੀ, ਪ੍ਰਦੇਸੀ ਪੰਜਾਬ ਆਦਿ ਛਪਦੇ ਹਨ। ਇਸ ਤਰ੍ਹਾਂ ਕੈਨੇਡਾ ਵਿਚ ਬਹੁਤ ਸਾਰੇ ਲੇਖਕਾਂ ਨੇ ਵੀ ਪਰਵਾਸੀ ਪੰਜਾਬੀ ਸਾਹਿਤ ਨਾਲ ਜੁੜੀਆਂ ਪੁਸਤਕਾਂ ਤੇ ਸਾਹਿਤ ਰਚਿਆ, ਜਿਸ ਨੇ ਪਰਵਾਸੀ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ।

## 2.2 ਕੈਨੇਡੀਅਨ ਪੰਜਾਬੀ ਕਹਾਣੀ ਦਾ ਇਤਿਹਾਸਕ ਵਿਕਾਸ

ਕੈਨੇਡਾ ਵਿਚ ਪਰਵਾਸੀ ਪੰਜਾਬੀਆਂ ਦਾ ਪਰਵਾਸ ਧਾਰਨ ਕਰਨ ਦਾ ਸਮਾਂ ਉਨੀਵੀਂ ਸਦੀ ਦੇ ਅਖੀਰਲ਼ੇ ਦੋ ਜਾਂ ਤਿੰਨ ਸਾਲਾਂ ਤੋਂ ਆਰੰਭ ਹੁੰਦਾ ਹੈ। ਕਾਮਰੇਡ ਸੋਹਣ ਸਿੰਘ ਜੋਸ਼ ਅਨੁਸਾਰ ਕੈਨੇਡਾ ਪਹੁੰਚੇ ਪਰਵਾਸੀ ਪੰਜਾਬੀਆਂ ਦੀ ਗਿਣਤੀ 1908 ਤਕ 5179 ਸੀ। ਕੈਨੇਡਾ ਵਿਚ ਪਰਵਾਸ ਧਾਰਨ ਕੀਤੇ ਪੰਜਾਬੀਆਂ ਵਿਚ ਸਭ ਤੋਂ ਵਧ ਗਿਣਤੀ ਸਿੱਖਾਂ ਦੀ ਸੀ। ਕੈਨੇਡਾ ਵਿਚ ਕਾਮਾਗਾਟਾਮਾਰੂ ਦੀ ਘਟਨਾ 22 ਮਈ, 1914 ਵਿਚ ਵਾਪਰੀ ਤੇ ਜਹਾਜ਼ ਕੈਨੇਡਾ ਵਿਚ ਪਹੁੰਚਿਆ ਅਤੇ 22 ਜੁਲਾਈ ਨੂੰ ਵਾਪਿਸ ਪਰਤ ਗਿਆ। ਇਸ ਜਹਾਜ਼ ਵਿਚ ਬਾਬਾ ਗੁਰਦਿੱਤ ਸਿੰਘ 376 ਪੰਜਾਬੀ ਮੁਸਾਫ਼ਰਾ ਨਾਲ ਕੈਨੇਡਾ ਪਹੁੰਚੇ। ਪਰ ਕੈਨੇਡਾ ਸਰਕਾਰ ਦੀ ਜੱਦੋ-ਜਹਿਦ ਨੇ ਪੰਜਾਬੀ ਮੁਸਾਫ਼ਰਾਂ ਨੂੰ ਉਤਰਨ ਨਾ ਦਿੱਤਾ ਅਤੇ ਉਨ੍ਹਾਂ ਨਾਲ ਵਾਪਸੀ ਵਿਚ 'ਬੱਜ ਬੱਜ ਘਾਟ ਦਾ ਸਾਕਾ' ਵਾਪਰਿਆ।

ਵਿਸ਼ਵ ਪੰਜਾਬੀ ਸਾਹਿਤ ਦੇ ਖੇਤਰ ਵਿਚ ਪਰਵਾਸੀ ਪੰਜਾਬੀ ਸਾਹਿਤ ਨੂੰ ਵਧੇਰੇ ਵਿਸ਼ਾਲ ਤੇ ਅਮੀਰ ਬਣਾਉਣ ਵਿਚ ਵੱਖਰੇ-ਵੱਖਰੇ ਰੰਗ ਅਖਤਿਆਰ ਕੀਤੇ ਗਏ ਹਨ। ਪਰਵਾਸੀ ਪੰਜਾਬੀ ਕਹਾਣੀ ਵਿਚ ਵਿਸ਼ੇਸ਼ ਕਰਕੇ ਕੈਨਡੀਅਨ ਪੰਜਾਬੀ ਕਹਾਣੀ ਨੇ ਆਪਣਾ ਵਧੇਰੇ ਪ੍ਰਭਾਵ ਤੇ ਯੋਗਦਾਨ ਪਾਇਆ ਹੈ। ਕੈਨੇਡਾ ਵਿਚ ਪਰਵਾਸ ਧਾਰਨ ਕਰ ਰਹੇ ਪੰਜਾਬੀਆਂ ਨੇ ਇੱਥੋਂ ਦੀ ਚਕਾਚੌਂਧ ਤੋਂ ਪ੍ਰਭਾਵਿਤ ਹੋ ਕੇ ਆਪਣਾ ਵਾਸ ਕਰਨਾ ਇੱਥੇ ਹੀ ਠੀਕ ਸਮਝਿਆ। ਇਸ ਕਰਕੇ ਬਹੁਤ ਸਾਰੇ ਵਿਦਵਾਨਾਂ ਤੇ ਲੇਖਕਾਂ ਨੇ ਕੈਨੇਡੀਅਨ ਪੰਜਾਬੀ ਕਹਾਣੀ ਨੂੰ ਵਿਕਸਿਤ ਤੇ ਵਧੇਰੇ ਪ੍ਰਫੁਲਤ ਕਰਨ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਪੰਜਾਬੀ ਕਹਾਣੀ ਦੇ ਵਿਕਾਸ ਵਿਚ ਜਿਨ੍ਹਾਂ-ਜਿਨ੍ਹਾਂ ਵਿਦਵਾਨਾਂ ਤੇ ਲੇਖਕਾਂ ਨੇ ਆਪਣਾ ਯੋਗਦਾਨ ਪਾਇਆ ਹੈ, ਉਹ ਹਨ :-

### ਰਘੁਬੀਰ ਢੰਡ

ਰਘੁਬੀਰ ਢੰਡ ਪੰਜਾਬੀ ਸਾਹਿਤ ਦਾ ਪ੍ਰਮੁੱਖ ਕਹਾਣੀਕਾਰ ਹੈ। ਉਸ ਦੀਆਂ ਪੰਜਾਬੀ ਸਾਹਿਤ ਵਿਚ ਮਿਲਦੀਆਂ ਲਿਖਤਾਂ ਕਰ ਕੇ ਉਸ ਨੂੰ ਕਹਾਣੀਕਾਰ ਤੇ ਲੇਖਕ ਵਜੋਂ ਪ੍ਰਮੁੱਖ ਸਥਾਨ ਪ੍ਰਾਪਤ ਹੈ। ਰਘੁਬੀਰ ਢੰਡ ਦੀਆਂ ਪੰਜਾਬੀ ਸਾਹਿਤ

ਵਿਚ ਲਿਖਤਾਂ ਹਨ – 'ਬੋਲੀ ਧਰਤੀ', 'ਕਾਇਆ ਕਲਪ', 'ਉਸ ਪਾਰ', 'ਸ਼ਾਨੇ ਪੰਜਾਬ', 'ਰਿਸ਼ਤਿਆਂ ਦੀ ਯਾਤਰਾ', 'ਉਮਰੋਂ ਲੰਮੀ ਬਾਤ', 'ਵੈਨਕੂਵਰ ਵਿੱਚ ਇੱਕੀ ਦਿਨ' ਆਦਿ ਹਨ।

**ਰਵਿੰਦਰ ਰਵੀ**

ਰਵਿੰਦਰ ਰਵੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਸਭ ਤੋਂ ਉੱਘੇ ਕਹਾਣੀਕਾਰਾਂ ਵਿਚੋਂ ਇਕ ਹੈ। ਪੰਜਾਬੀ ਸਾਹਿਤ ਵਿਚ ਉਸ ਦਾ ਨਾਮ ਬਹੁ - ਸਿਰਜਕ ਸਾਹਿਤਕਾਰ ਹੈ। ਰਵਿੰਦਰ ਇਕ ਕਾਵਿ – ਨਾਟਕਕਾਰ, ਕਵੀ, ਆਲੋਚਕ ਤੇ ਸਫ਼ਰਨਾਮਾ ਲੇਖਕ ਵੀ ਹਨ। ਰਵੀ ਨੇ ਪੰਜਾਬੀ ਜਗਤ ਵਿਚ ਕਹਾਣੀ ਪੱਖੋਂ ਨਿਵੇਕਲਾ ਤੇ ਵੱਖਰਾ ਸਥਾਨ ਬਣਾਇਆ ਹੈ। ਉਹ ਇਕ ਪ੍ਰਯੋਗਵਾਦੀ ਕਵੀ ਵੀ ਹੈ। ਪਰ ਉਹ ਕਹਾਣੀ ਦੇ ਖੇਤਰ ਵਿਚ ਵੀ ਪ੍ਰਯੋਗਵਾਦੀ ਪ੍ਰਵਿਰਤੀ ਦੀ ਵਰਤੋਂ ਕਰਦਾ ਹੈ। ਪੰਜਾਬੀ ਸਾਹਿਤ ਵਿਚ ਕਹਾਣੀਕਾਰ ਦੇ ਤੌਰ ਤੇ ਇਸੇ ਪ੍ਰਵਿਤਰੀ ਕਾਰਨ ਪੰਜਾਬੀ ਕਹਾਣੀ ਦਾ ਵਿਸ਼ਾ ਵਧੇਰੇ ਚਰਚਿਤ ਬਣਿਆ ਹੈ। ਰਵਿੰਦਰ ਰਵੀ ਦੇ ਪੰਜਾਬੀ ਜਗਤ ਵਿਚ ਕਹਾਣੀ-ਸੰਗ੍ਰਹਿ ਹਨ- 'ਚਰਾਵੀ' (1963), 'ਜੁਰਮ ਦੇ ਪਾਤਰ' (1968), 'ਸ਼ਹਿਰ ਵਿਚ ਜੰਗਲ' (1969), 'ਕੋਣ ਪ੍ਰਤਿ ਕੋਣ' (1971), 'ਮੈਲੀ ਪੁਸਤਕ' (1992) ਪ੍ਰਕਾਸ਼ਿਤ ਹੋਏ ਹਨ।

**ਸ਼ਿਵਚਰਨ ਗਿੱਲ**

ਸ਼ਿਵਚਰਨ ਗਿੱਲ ਪੰਜਾਬੀ ਜਗਤ ਵਿਚ ਇਕ ਉੱਘਾ ਕਹਾਣੀਕਾਰ, ਕਵੀ ਅਤੇ ਨਾਵਲਕਾਰ ਹੈ। ਉਹ ਇੰਗਲੈਂਡ ਦਾ ਵਾਸੀ ਹੈ। ਸ਼ਿਵਚਰਨ ਦਾ ਜਨਮ 6 ਮਾਰਚ, 1937 ਵਿਚ ਪਿੰਡ ਬੋਪਾਰਾਏ, ਜ਼ਿਲ੍ਹਾ ਲੁਧਿਆਣਾ ਵਿਚ ਹੋਇਆ। ਉਸ ਦੀਆਂ ਸਾਹਿਤਕ ਰਚਨਾਵਾਂ ਦੀ ਪੰਜਾਬੀ ਜਗਤ ਨੂੰ ਬਹੁਤ ਵੱਡੀ ਦੇਣ ਹੈ। ਉਸ ਦੇ ਕਹਾਣੀਕਾਰ ਵਜੋਂ ਕਹਾਣੀ - ਸੰਗ੍ਰਹਿ ਹਨ – 'ਗਊ ਹਤਿਆ', 'ਭੈਅ ਦੇ ਪਰਛਾਵੇਂ', 'ਬਦਰੰਗ', 'ਸਾਹਾਂ ਦਾ ਭਾਰ', 'ਮਰਦਾਵੀਂ ਔਰਤ', 'ਰੰਗ ਦਾ ਪੱਤਾ' ਆਦਿ ਪ੍ਰਕਾਸ਼ਿਤ ਹਨ। ਉਸ ਦੇ ਨਾਵਲਕਾਰ ਵਜੋਂ ਨਾਵਲ ਹਨ – 'ਮੋਹਜਾਲ', 'ਲਾਵਾਰਸ', 'ਨਮੋਸ਼ੀ' ਹਨ। ਸ਼ਿਵਚਰਨ ਗਿੱਲ ਨੇ ਪੰਜਾਬੀ ਜਗਤ ਵਿਚ ਕਵੀ ਵਜੋਂ ਉਸ ਦੀਆਂ ਪ੍ਰਚਲਿਤ ਕਵਿਤਾਵਾਂ ਹਨ – 'ਅਲਖ' ਅਤੇ 'ਬਰਤਾਨਵੀ ਪੰਜਾਬੀ ਕਾਵਿ ਸੰਵੇਦਨਾ' ਪ੍ਰਕਾਸ਼ਿਤ ਹਨ।

**ਵੀਨਾ ਵਰਮਾ**

ਵੀਨਾ ਵਰਨਾ ਪੰਜਾਬੀ ਸਾਹਿਤ ਦੀ ਸਿਰਜਣਾਤਮਕ ਲੇਖਿਕਾ ਹੈ। ਜਿਸ ਨੇ ਆਪਣੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਨੂੰ ਵੱਖ – ਵੱਖ ਧਰਾਤਲਾਂ ਨਾਲ ਜੋੜ ਕੇ ਅਲੱਗ ਪ੍ਰਸੰਗਿਕਤਾ ਵਿਚ ਪੇਸ਼ ਕੀਤਾ ਹੈ। ਵੀਨਾ ਵਰਮਾ ਦੇ ਪੰਜਾਬੀ ਸਾਹਿਤ ਵਿਚ ਕਹਾਣੀ ਸੰਗ੍ਰਹਿ – 'ਮੁੱਲ ਦੀ ਤੀਵੀਂ' (1994), 'ਫ਼ਰੰਗੀਆਂ ਦੀ ਨੂੰਹ' (2002) ਮਿਲਦੇ ਹਨ।

**ਸਵਰਨ ਚੰਦਨ**

ਸਵਰਨ ਚੰਦਨ ਪਰਵਾਸੀ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਸਵਰਨ ਚੰਦਨ ਦਾ ਜਨਮ 2 ਸਤੰਬਰ, 1941 ਈ. ਵਿਚ ਜਿਲ੍ਹਾਂ ਅੰਮ੍ਰਿਤਸਰ ਵਿਚ ਹੋਇਆ। ਉਹ ਇਕ ਕਿਰਸਾਨੀ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਪੰਜਾਬੀ ਸਾਹਿਤ ਵਿਚ ਸਵਰਨ ਚੰਦਨ ਇਕ ਨਾਵਲਕਾਰ, ਕਹਾਣੀਕਾਰ, ਕਵੀ ਤੇ ਸਫ਼ਰਨਾਮਾ ਲੇਖਕ ਸੀ। ਸਵਰਨ ਦੇ ਪੰਜਾਬੀ ਜਗਤ ਵਿਚ ਪ੍ਰਾਪਤ ਕਹਾਣੀ-ਸੰਗ੍ਰਹਿ – 'ਉਜੜਿਆ ਖੂਹ'(1977), 'ਪੁੰਨ ਦਾ ਸਾਕ'(1982), 'ਖਾਲੀ ਪਲਾਂ ਦੀ ਸਾਂਝ'(1987), 'ਲਾਲ ਚੌਂਕ'(1989), 'ਕੁਆਰ ਗੰਦਲ'(1991), 'ਬੰਦ ਗੁਫ਼ਾਵਾਂ'(1999) ਆਦਿ ਪ੍ਰਕਾਸ਼ਿਤ ਹਨ।

**ਅਮਨਪਾਲ ਸਾਰਾ**

ਅਮਨਪਾਲ ਸਾਰਾ ਪੰਜਾਬੀ ਜਗਤ ਦੇ ਉੱਘੇ ਕਹਾਣੀਕਾਰਾਂ ਵਿਚੋਂ ਇਕ ਕਹਾਣੀਕਾਰ ਹੈ। ਉਹ ਕੈਨੇਡਾ ਦਾ ਵਾਸੀ ਹੈ। ਉਸ ਦੀਆਂ ਸਾਹਿਤਕ ਲਿਖਤਾਂ ਵਿਚ ਇੰਡੋ-ਕੈਨੇਡੀਅਨ ਦੇ ਜੀਵਨ ਦਾ ਬਹੁ-ਪੱਖੀ ਚਿਤਰਨ ਦਰਸਾਇਆ ਮਿਲਦਾ ਹੈ। ਉਸ ਦੇ ਪੰਜਾਬੀ ਸਾਹਿਤ ਵਿਚ ਤਿੰਨ ਕਹਾਣੀ-ਸੰਗ੍ਰਹਿ – 'ਸਰਦ ਰਿਸ਼ਤੇ', 'ਵੀਹਾਂ ਦਾ ਨੋਟ'(2000), 'ਡਾਇਮੰਡ ਰਿੰਗ'(2006) ਪ੍ਰਕਾਸ਼ਿਤ ਹਨ।

**ਮੇਜਰ ਮਾਂਗਟ**

ਮੇਜਰ ਮਾਂਗਟ ਪੰਜਾਬੀ ਸਾਹਿਤ ਵਿਚ ਯਥਾਰਥਵਾਦੀ - ਰਚਨਾਤਮਿਕ ਦ੍ਰਿਸ਼ਟੀ ਰੱਖਣ ਵਾਲਾ ਕਹਾਣੀਕਾਰ ਹੈ। ਮੇਜਰ ਮਾਂਗਟ ਇਕ ਬਹੁ - ਪੱਖੀ ਸਾਹਿਤਕਾਰ ਹੈ। ਪੰਜਾਬੀ ਸਾਹਿਤ ਵਿਚ ਉਸ ਦੇ ਪ੍ਰਕਾਸ਼ਿਤ ਹੋ ਚੁੱਕੇ ਚਾਰ ਕਹਾਣੀ – ਸੰਗ੍ਰਹਿ – 'ਤਲੀਆਂ 'ਤੇ ਉੱਗੇ ਥੋਹਰ'(1990), 'ਕੂੰਜਾਂ ਦੀ ਮੌਤ'(1993), 'ਤ੍ਰਿਸ਼ੰਕੂ'(2000), 'ਪਰੀਆਂ ਦਾ

ਦੇਸ਼'(2006), ਮਨ ਮੌਸਮ ਦੀ ਰੰਗਤ ਆਦਿ ਹਨ। 'ਤਲੀਆਂ 'ਤੇ ਉੱਗੇ ਥੋਹਰ' ਮੇਜਰ ਦੀ ਰਚਨਾ ਪਰਵਾਸ ਧਾਰਨ ਕਰਨ ਤੋਂ ਪਹਿਲਾ ਦੀ ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਨਿਮਨ-ਵਰਗ, ਬੁਢਾਪੇ ਦਾ ਸੰਤਾਪ, ਖੇਰੂ-ਖੇਰੂ ਹੋ ਰਿਹਾ ਪੇਂਡੂ ਸਭਿਆਚਾਰ ਆਦਿ ਵਿਸ਼ਿਆਂ ਨੂੰ ਪ੍ਰਮੁੱਖ ਆਧਾਰ ਬਣਾਇਆ ਹੈ।

**ਜਰਨੈਲ ਸਿੰਘ**

ਜਰਨੈਲ ਸਿੰਘ ਆਧੁਨਿਕ ਸਮੇਂ ਦਾ ਕਹਾਣੀਕਾਰ ਹੈ। ਜਰਨੈਲ ਸਿੰਘ ਬਹੁਤ ਹੀ ਸੂਝਵਾਨ ਕਹਾਣੀਕਾਰ ਹੋਣ ਕਰ ਕੇ ਇਸ ਨੂੰ ਕਹਾਣੀਕਾਰ ਦੀ ਕਤਾਰ ਵਿਚੋਂ ਪ੍ਰਮੁੱਖ ਕਹਾਣੀਕਾਰ ਬਣ ਚੁੱਕਾ ਹੈ। ਪੰਜਾਬੀ ਜਗਤ ਵਿਚ ਜਰਨੈਲ ਸਿੰਘ ਦੇ ਪੰਜ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ- 'ਮੈਨੂੰ ਕੀ'(1981), 'ਮਨੁੱਖ ਤੇ ਮਨੁੱਖ'(1983), 'ਸਮੇਂ ਦੇ ਹਾਣੀ'(1987), 'ਦੋ ਟਾਪੂ'(1999), 'ਟਾਵਰਜ਼'(2005) ਹਨ। ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ'(2015)ਵਿਚ ਪ੍ਰਕਾਸ਼ਿਤ ਹੋਇਆ ਜੋ ਵਧੇਰੇ ਚਰਚਾ ਦਾ ਵਿਸ਼ਾ ਬਣਿਆ। ਇਨ੍ਹਾਂ ਕਹਾਣੀਆਂ ਵਿਚ ਉਸ ਨੇ ਕਿਰਸਾਨੀ ਜੀਵਨ ਦੇ ਸੰਕਟ, ਆਰਥਿਕ ਟੁੱਟ-ਭੱਜ, ਵਿਸ਼ਵੀਕਰਨ, ਰਿਸ਼ਤਿਆਂ ਦੀ ਟੁੱਟ-ਭੱਜ ਆਦਿ ਪਰਵਾਸੀ ਮਸਲਿਆਂ ਨੂੰ ਪੇਸ਼ ਕੀਤਾ ਹੈ।

**ਸਾਧੂ ਬਿਨਿੰਗ**

ਸਾਧੂ ਬਿਨਿੰਗ ਪਰਵਾਸੀ ਪੰਜਾਬੀ ਸਾਹਿਤ ਦੇ ਪ੍ਰਮੁੱਖ ਕਹਾਣੀਕਾਰਾਂ ਵਿਚੋਂ ਇਕ ਕਹਾਣੀਕਾਰ ਹੈ। ਸਾਧੂ ਦਾ ਕੈਨੇਡਾ ਦੀ ਪੰਜਾਬੀ ਕਹਾਣੀ ਵਿਚ ਵਿਸ਼ੇਸ਼ ਸਥਾਨ ਹੈ। ਸਾਧੂ ਕੈਨੇਡਾ ਦਾ ਇਕ ਪ੍ਰਤੀਬੱਧ ਕਹਾਣੀਕਾਰ ਹੈ। ਉਹ ਬਹੁਤ ਹੀ ਸੂਝਵਾਨ ਕਹਾਣੀਕਾਰ ਹੈ ,ਜਿਸ ਨੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਬੜ੍ਹੀ ਨਿੱਠ ਕੇ ਚਰਚਿਤ ਕੀਤਾ ਹੈ। ਪੰਜਾਬੀ ਜਗਤ ਵਿਚ ਉਸ ਦੇ ਹੁਣ ਤਕ ਕਹਾਣੀ - ਸੰਗ੍ਰਹਿ 'ਕਿਸ ਦਾ ਕਸੂਰ'(1982), 'ਲੀਹੋਂ ਲੱਥੇ'(1994) ਪ੍ਰਕਾਸ਼ਿਤ ਹੋਏ ਹਨ। ਸਾਧੂ ਦੀਆਂ ਕਹਾਣੀਆਂ ਦੇ ਵਿਸ਼ੇ ਨਸਲਵਾਦ ਦੀ ਸਮੱਸਿਆ, ਬਜ਼ੁਰਗਾਂ ਦੀ ਇਕੱਲਤਾ, ਔਰਤਾਂ ਦੀ ਆਜ਼ਾਦੀ ਦੀ ਸਮੱਸਿਆ ਆਦਿ ਪ੍ਰਮੁੱਖ ਹਨ।

**ਬਲਬੀਰ ਕੌਰ ਸੰਘੇੜਾ**

ਬਲਬੀਰ ਕੌਰ ਸੰਘੇੜਾ ਕੈਨੇਡਾ ਦੀ ਪੰਜਾਬੀ ਲੇਖਿਕਾ ਹੈ। ਉਹ ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿਚੋਂ ਪ੍ਰਮੁੱਖ ਕਹਾਣੀਕਾਰ ਹੈ। ਬਲਬੀਰ ਕੌਰ ਇਕ ਬਹੁ - ਸਿਰਜਕ ਸਾਹਿਤਕਾਰ ਹੈ। ਪੰਜਾਬੀ ਸਾਹਿਤ ਵਿਚ ਉਹ ਇਕ ਨਾਵਕਕਾਰ, ਪੱਤਰਕਾਰ, ਵਾਰਤਾਕਾਰ ਵੀ ਹੈ। ਉਸ ਨੇ ਪੰਜਾਬੀ ਕਹਾਣੀ ਦੀ ਸਿਰਜਣਾ ਵਿਚ ਵੀ ਪਿਰਤ ਪਾਈ। ਬਲਬੀਰ ਕੌਰ ਦਾ ਨਾਵਲਕਾਰ ਵਜੋਂ ਦੋ ਨਾਵਲ - 'ਹੱਕ ਦੀ ਮੰਗ' ਤੇ 'ਇਕ ਖ਼ਤ ਨਾਂ ਸੱਜਣਾ ਦੇ' ਹਨ। ਉਸ ਦੇ ਕਹਾਣੀਕਾਰ ਵਜੋਂ ਪੰਜਾਬੀ ਸਾਹਿਤ ਵਿਚ ਤਿੰਨ ਕਹਾਣੀ - ਸੰਗ੍ਰਹਿ – 'ਆਪਣੇ ਹੀ ਓਹਲੇ'(1982), 'ਖੰਭੇ'(2001), 'ਠੰਢੀ ਹਵਾ'(2005) ਪ੍ਰਕਾਸ਼ਿਤ ਹੋਏ ਹਨ।

**ਇਕਬਾਲ ਅਰਪਨ**

ਪਰਵਾਸੀ ਪੰਜਾਬੀ ਸਾਹਿਤ ਵਿਚ ਆਪਣੀਆਂ ਰਚਨਾਵਾਂ ਦੁਆਰਾ ਬਹੁਤ ਸਾਰੇ ਸਾਹਿਤਕਾਰਾਂ ਨੇ ਯੋਗਦਾਨ ਪਾਇਆ। ਇਨ੍ਹਾਂ ਸਾਹਿਤਕਾਰਾਂ ਵਿਚੋਂ ਇਕ ਕਹਾਣੀਕਾਰ ਇਕਬਾਲ ਅਰਪਨ ਹੈ, ਜਿਸ ਦਾ ਪਰਵਾਸੀ ਪੰਜਾਬੀ ਕਹਾਣੀ ਵਿਚ ਬਹੁਤ ਯੋਗਦਾਨ ਹੈ। ਇਕਬਾਲ ਅਰਪਨ ਕੈਨੇਡਾ ਦਾ ਵਾਸੀ ਸੀ। ਇਕਬਾਲ ਦੀਆਂ ਪਰਵਾਸੀ ਸਾਹਿਤ ਵਿਚ ਕਹਾਣੀਕਾਰ ਪੱਖੋਂ ਕਹਾਣੀ - ਸੰਗ੍ਰਹਿ – 'ਗੁਆਚੇ ਰਾਹ'(1980), 'ਮੌਤ ਦਾ ਸੁਪਨਾ'(1983), 'ਆਫਰੇ ਹੋਏ ਲੋਕ'(1984), 'ਚਾਨਣ ਦੇ ਵਣਜਾਰੇ'(2006) ਹਨ। ਉਸ ਦਾ ਪੰਜਾਬੀ ਸਾਹਿਤ ਵਿਚ ਇਨ੍ਹਾਂ ਸਾਰੇ ਕਹਾਣੀ-ਸੰਗ੍ਰਹਿਆਂ ਦਾ ਜੋੜ 'ਲਾਲਾਂ ਦੀ ਜੋੜੀ' ਪ੍ਰਕਾਸ਼ਿਤ ਹੋਇਆ। ਉਸ ਦਾ ਇਕ ਨਾਵਲ 'ਪਰਾਈ ਧਰਤੀ'(1982) ਪੰਜਾਬੀ ਸਾਹਿਤ ਨੂੰ ਦੇਣ ਹੈ। ਇਕਬਾਲ ਦੀਆਂ ਰਚਨਾਵਾਂ ਦੀ ਇਕ ਵੱਡੀ ਵਿਸ਼ੇਸ਼ਤਾ ਹੈ ਕਿ ਉਹ ਸਾਧਾਰਨ ਮਨੁੱਖ ਦੇ ਜੀਵਨ ਦੀਆਂ ਸਮੱਸਿਆਵਾਂ ਨੂੰ ਬਹੁਤ ਹੀ ਸਲੀਕੇ ਨਾਲ ਪੇਸ਼ ਕਰਦਾ ਹੈ।

**ਬਲਬੀਰ ਸਿੰਘ ਮੋਮੀ**

ਬਲਬੀਰ ਸਿੰਘ ਮੋਮੀ ਪਰਵਾਸੀ ਪੰਜਾਬੀ ਸਾਹਿਤ ਵਿਚ ਪ੍ਰਮੁੱਖ ਸਾਹਿਤਕਾਰ ਹੈ। ਬਲਬੀਰ ਮੋਮੀ ਕੈਨੇਡਾ ਦਾ ਵਾਸੀ ਹੈ। ਬਲਬੀਰ ਮੋਮੀ ਨਾਵਲ, ਨਾਟਕ, ਸਵੈ-ਜੀਵਨੀ, ਰੇਖਾ-ਚਿੱਤਰ, ਕਹਾਣੀਆਂ, ਅਨੁਵਾਦ ਆਦਿ ਦਾ ਸਿਰਜਕ ਹੈ। ਉਸ ਦੇ ਪੰਜਾਬੀ ਸਾਹਿਤ ਵਿਚ ਕਹਾਣੀ ਸੰਗ੍ਰਹਿ – 'ਮਸਾਲੇ ਵਾਲਾ ਘੋੜਾ'(1959), 'ਜੇ ਮੈਂ ਮਰ ਜਾਵਾਂ'(1966), 'ਸ਼ੀਸ਼ੇ

ਦਾ ਸਮੁੰਦਰ'(1968), 'ਸਰ ਦਾ ਬੂਝਾ'(1973) ਹਨ। ਉਸ ਦੇ ਪ੍ਰਮੁੱਖ ਨਾਵਲ 'ਜੀਜਾ ਜੀ'(1964), 'ਪੀਲਾ ਗੁਲਾਬ'(1975), 'ਇੱਕ ਫੁੱਲ ਮੇਰਾ ਵੀ'(1986) ਹਨ। ਬਲਬੀਰ ਮੋਮੀ ਦੇ ਨਾਟਕਕਾਰ ਵਜੋਂ ਨਾਟਕ 'ਨੌਕਰੀਆਂ ਹੀ ਨੌਕਰੀਆਂ'(1960), 'ਲੌਢਾ ਵੇਲਾ'(1961) ਪ੍ਰਕਾਸ਼ਿਤ ਹਨ।

**ਪਰਵਾਸੀ ਪੰਜਾਬੀਆਂ ਦੇ ਪਰਵਾਸ ਧਾਰਨ ਨਾਲ ਜੀਵਨ ਵਿਚ ਆਏ ਪਰਵਾਸੀ ਮਸਲਿਆਂ ਨੂੰ ਜਾਨਣ ਤੋਂ ਪਹਿਲਾ ਪਰਵਾਸ ਬਾਰੇ ਜਾਣ ਲੈਣਾ ਜ਼ਰੂਰੀ ਹੈ।**

### 2.3 ਪਰਵਾਸ

ਪਰਵਾਸ ਅਜਿਹਾ ਵਿਸ਼ਵ-ਵਿਆਪੀ ਵਰਤਾਰਾ ਹੈ ਜਿਹੜਾ ਸਦੀਆਂ ਤੋਂ ਕਾਲ - ਅੰਤਕਾਲ ਵਿਚ ਫ਼ੈਲਿਆ ਹੋਇਆ ਹੈ। ਜੇਕਰ ਪੁਰਾਤਨ ਕਾਲ ਵਿਚ ਆਰੀਆ ਲੋਕਾਂ ਤੋਂ ਮਗਰੋਂ ਕਈ ਹੋਰ ਕੌਮਾਂ, ਜਾਤੀਆਂ, ਨਸਲਾਂ ਪੰਜਾਬ 'ਚ ਆ ਕੇ ਆਬਾਦ ਜਾਂ ਖੁਸ਼ਹਾਲ ਹੁੰਦੀਆ ਰਹੀਆਂ ਤਾਂ ਪੰਜਾਬੀ ਲੋਕ ਵੀ ਮੁੱਢਲੇ ਸਮੇਂ ਤੋਂ ਪਰਾਈਆਂ ਧਰਤੀਆਂ 'ਤੇ ਰੁਜ਼ਗਾਰ ਦੀ ਭਾਲ ਜਾਂ ਸੈਰ- ਸਪਾਟੇ, ਵਪਾਰ ਕਰਨ ਲਈ ਪਰਵਾਸ ਧਾਰਨ ਕਰ ਰਹੀਆਂ ਹਨ। ਸ਼ਾਇਦ ਹੀ ਅੱਜ ਦੁਨੀਆਂ ਦਾ ਕੋਈ ਅਜਿਹਾ ਦੇਸ਼ ਹੋਵੇਗਾ ਜਿੱਥੇ ਪੰਜਾਬੀਆਂ ਦਾ ਵਾਸ ਨਾ ਹੋਵੇ। ਅੱਜ ਪੰਜਾਬ ਤੋਂ ਇਲਾਵਾ ਪੰਜਾਬੀਆਂ ਦੇ ਹੋਰ ਵੀ ਕਈ ਪੰਜਾਬ ਬਣ ਗਏ ਹਨ, ਜਿੱਥੇ ਉਨ੍ਹਾਂ ਨੇ ਆਪਣੇ ਦੇਸ਼ ਨਾਲੋਂ ਵੀ ਵਧੇਰੇ ਤਰੱਕੀ ਤੇ ਉੱਨਤੀ ਕੀਤੀ ਹੈ। ਪੰਜਾਬੀ ਜਿਹੜੇ ਵੀ ਦੇਸ਼ ਵਿਚ ਜਾ ਵਸੇ ਹਨ ਜਾਂ ਆਪਣੇ ਪੈਰ ਜਮ੍ਹਾਂ ਲਏ ਹਨ, ਉੱਥੇ ਉਨ੍ਹਾਂ ਦੇ ਸਾਹਸ, ਮਿਹਨਤ, ਖੁੱਲ੍ਹੇ ਸੁਭਾਅ ਹੋਣ ਕਰ ਕੇ ਬਹੁਤ ਮਾਣ ਤੇ ਸਤਿਕਾਰ ਖੱਟਿਆ ਹੈ। ਇਸੇ ਕਾਰਨ ਪਰਵਾਸੀ ਪੰਜਾਬੀ ਵਿਸ਼ਵ ਦੇ ਹਰ ਦੇਸ਼, ਹਰ ਖਿੱਤੇ ਵਿਚ ਵਸੇ ਹੋਏ ਹਨ।

ਆਦਿ ਕਾਲ ਤੋਂ ਜਾਨਵਰਾਂ ਵਾਂਗ ਮਨੁੱਖ ਦੀ ਰਹਿਣੀ-ਬਹਿਣੀ ਦੀ ਥਾਂ ਵੀ ਕੁਦਰਤੀ ਹੈ। ਇਸ ਕੁਦਰਤੀ ਵਰਤਾਰੇ ਕਾਰਨ ਹੀ ਉਹ ਜਿੱਥੇ ਰਹਿ ਰਿਹਾ ਹੁੰਦਾ ਹੈ, ਉੱਥੋਂ ਦੀਆਂ ਭੂਗੋਲਿਕ ਸਥਿਤੀਆਂ ਅਨੁਸਾਰ ਢਲਿਆ ਹੋਇਆ ਹੁੰਦਾ ਹੈ ਪਰ ਉਹ ਭੂਗੋਲਿਕ, ਧਾਰਮਿਕ, ਰਾਜਸੀ ਤੇ ਆਰਥਿਕ ਕਾਰਨਾਂ ਕਰ ਕੇ ਹੀ ਪਰਵਾਸ ਦਾ ਧਾਰਨੀ ਬਣਿਆ ਹੈ। ਜੇਕਰ ਹੁਣ ਪਰਵਾਸ ਦੀ ਗੱਲ ਕਰੀਏ ਤਾਂ ਇਹ ਆਧੁਨਿਕ ਪਰਵਾਸ ਦੀਆਂ ਜੜ੍ਹਾਂ ਵਿਚ ਪੂੰਜੀਵਾਦ ਕਰਕੇ ਹੀ ਬਸਤੀਵਾਦ ਵਿਕਸਿਤ ਹੋਇਆ ਹੈ। ਪਰਵਾਸ ਦੇ ਵਰਤਾਰੇ ਦਾ ਇਤਿਹਾਸ ਬੇਸ਼ੱਕ ਇੱਕ ਖਿੱਤੇ ਤੋਂ ਦੂਜੇ ਖਿੱਤੇ ਵਿਚ ਪੁਰਾਤਨ ਸਮੇਂ ਤੋਂ ਪ੍ਰਚਲਿਤ ਹੈ,

ਪਰ ਪਰਵਾਸ ਵਲ ਵਧੇਰੇ ਰੁਚੀ ਵੀਹਵੀਂ ਸਦੀ ਦੀ ਉਪਜ ਕਾਰਨ ਹੀ ਪੈਦਾ ਹੋਈ ਹੈ। ਜਿੱਥੇ ਤਕ ਪਰਵਾਸ ਦਾ ਸੰਬੰਧ ਬਰਤਾਨੀਆ ਦੇ ਬਸਤੀਵਾਦ ਨਾਲ ਜੁੜਿਆ ਹੈ, ਉੱਥੇ ਇਸ ਦਾ ਅਹਿਮ ਆਧਾਰ ਭਾਰਤ ਦੀਆਂ ਆਰਥਿਕ, ਰਾਜਨੀਤਿਕ, ਸਮਾਜਿਕ ਪਰਸਥਿਤੀਆਂ ਨਾਲ ਵੀ ਜੁੜਿਆ ਹੋਇਆ ਹੈ। ਪੂੰਜੀਵਾਦ ਦੇ ਪ੍ਰਭਾਵ ਸਦਕਾ ਹੀ ਪਰਵਾਸੀ ਪੰਜਾਬੀ ਆਰਥਿਕ ਮੰਦਹਾਲੀ, ਬੇਰੁਜ਼ਗਾਰੀ, ਮਨ ਦੀਆਂ ਇੱਛਾਵਾਂ ਦੀ ਪੂਰਤੀ ਲਈ, ਸੁੱਖ – ਸੁਵਿਧਾਵਾਂ ਲਈ ਪਰਵਾਸ ਵਲ ਵਧੇਰੇ ਪ੍ਰੇਰਿਤ ਹੋਇਆ।

### 2.3.1 ਪਰਵਾਸ ਦਾ ਇਤਿਹਾਸ

ਪਰਵਾਸੀ ਪੰਜਾਬੀਆਂ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਪੰਜਾਬੀਆਂ ਦੁਆਰਾ ਪਰਵਾਸ ਧਾਰਨ ਕਰਨ ਦੀ ਪ੍ਰਕਿਰਿਆ ਦਾ ਸੰਬੰਧ ਉਨੀਵੀਂ ਸਦੀ ਨਾਲ ਜੁੜਦਾ ਹੈ। ਜਦੋਂ ਪੰਜਾਬ ਉੱਤੇ ਅੰਗਰੇਜ਼ਾਂ ਨੇ 1849 ਵਿਚ ਰਾਜ ਸਥਾਪਿਤ ਕੀਤਾ ਤਾਂ ਪੰਜਾਬੀਆਂ ਵਿਚ ਪਰਵਾਸ ਦਾ ਆਰੰਭ ਉਸ ਤੋਂ ਬਾਅਦ ਵਿਚ ਸ਼ੁਰੂ ਹੁੰਦਾ ਹੈ। ਅੰਗਰੇਜ਼ਾਂ ਨੇ ਫ਼ੋਜ ਵਿਚ ਸਿੱਖਾਂ ਨੂੰ ਭਰਤੀ ਕਰਨ ਲਈ ਪਹਿਲ ਦਿੱਤੀ ਸੀ। ਉਸ ਸਮੇਂ ਵਿਚਾਰਧਾਰਾ ਪ੍ਰਚਲਿਤ ਸੀ ਕਿ ਦੁਨੀਆਂ ਵਿਚ ਕੁਝ ਨਸਲਾਂ ਬਹਾਦਰ ਹਨ। ਇਸ ਵਿਚਾਰਧਾਰਾ ਨੂੰ ਮੰਨਦੇ ਹੋਏ ਸਿੱਖਾਂ ਨੂੰ ਫ਼ੋਜ ਵਿਚ ਵਧੇਰੇ ਭਰਤੀ ਕੀਤਾ ਗਿਆ। ਉਨ੍ਹਾਂ ਦਾ ਫ਼ੋਜ ਵਿਚ ਭਰਤੀ ਹੋਣ ਦੇ ਨਾਲ ਸਿਰਫ਼ ਭਾਰਤ ਵਿਚ ਹੀ ਨਹੀਂ ਸਗੋਂ ਹੋਰ ਵੀ ਵੱਖ-ਵੱਖ ਦੇਸ਼ਾਂ ਵਿਚ ਜਾਣ ਦਾ ਮੌਕਾ ਮਿਲਿਆ। ਉਨੀਵੀਂ ਸਦੀ ਵਿਚ ਕਈ ਕਾਰਨਾਂ ਕਰਕੇ ਪੰਜਾਬੀਆਂ ਨੇ ਦੁਨੀਆਂ ਦੇ ਕਈ ਦੇਸ਼ਾਂ ਵਿਚ ਪਰਵਾਸ ਕੀਤਾ। ਉਦਾਹਰਣ ਦੇ ਤੌਰ ਤੇ ਕੂਕਾ ਅੰਦੋਲਨ ਦੀ ਪ੍ਰਤੀਕਿਰਿਆ ਵਜੋਂ ਅੰਗਰੇਜ਼ਾਂ ਨੇ ਇਸ ਅੰਦੋਲਨ ਦੇ ਆਗੂ ਬਾਬਾ ਰਾਮ ਸਿੰਘ ਨੂੰ ਦੇਸ ਨਿਕਾਲਾ ਦੇ ਕੇ 1872 ਵਿਚ ਬਰਮਾ ਭੇਜ ਦਿੱਤਾ ਸੀ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਉਸ ਦੇ ਸਰਧਾਲੂਆਂ ਨੇ ਵੀ ਪਰਵਾਸ ਕੀਤਾ ਤੇ ਉਹ ਏਸ਼ੀਆਂ ਦੇ ਦੇਸ਼ਾਂ ਵਿਚ ਵਸਣ ਲੱਗ ਪਏ ਸਨ।

ਭਾਵੇਂ ਵਿਰਲੇ ਟਾਵੇਂ ਪੰਜਾਬੀਆਂ ਨੇ 19ਵੀਂ ਸਦੀ ਦੇ ਅਖ਼ੀਰਲੇ ਸਾਲਾਂ ਵਿਚ ਬਾਹਰ ਜਾਣਾ ਸ਼ੁਰੂ ਕਰ ਦਿੱਤਾ ਸੀ ਪਰ 20ਵੀਂ ਸਦੀ ਦੇ ਦੂਜੇ ਦਹਾਕੇ ਦੇ ਸ਼ੁਰੂ ਵਿਚ ਇਨ੍ਹਾਂ ਦੀ ਗਿਣਤੀ ਵਿਚ ਹੋਰ ਵੀ ਵਧੇਰੇ ਵਾਧਾ ਹੋਇਆ। ਵੀਹਵੀਂ ਸਦੀ ਦੇ ਸ਼ੁਰੂ ਤੋਂ ਜਦੋਂ ਪੰਜਾਬੀਆਂ ਨੇ ਵੱਖ - ਵੱਖ ਦੇਸ਼ਾਂ ਵਿਚ ਪ੍ਰਵੇਸ਼ ਕੀਤਾ ਤਾਂ ਇਨ੍ਹਾਂ ਦੇ ਮਿਹਨਤ ਤੇ ਸਖ਼ਤ ਤੋਂ ਸਖ਼ਤ ਕੰਮ ਕਰਨ ਤੋਂ

ਪਿੱਛੇ ਨਾ ਹਟ ਕੇ ਇਨ੍ਹਾਂ ਨੂੰ ਬਹੁਤ ਜਲਦੀ ਪ੍ਰਸਿੱਧੀ ਦਿਵਾਈ। ਜਿਸ ਕਰ ਕੇ ਉਹ ਬਹੁਤ ਜਲਦੀ ਹੀ ਸਾਰੇ ਦੇਸ਼ਾਂ ਵਿਚ ਪਹੁੰਚ ਗਏ। ਯੂਰਪ ਦੇ ਮੁਕਾਬਲੇ ਭਾਰਤੀ ਮੰਡੀਆਂ ਦਾ ਕਾਰੋਬਾਰ ਬਹੁਤ ਜਲਦੀ ਸਿਖ਼ਰਾਂ 'ਤੇ ਪਹੁੰਚ ਗਿਆ। ਭਾਰਤੀ ਦਸਤਕਾਰੀ ਦਾ ਮੁਕਾਬਲਾ ਕਰਨ ਲਈ ਨਵੀਆਂ ਮਸ਼ੀਨਾਂ ਅਜੇ ਸਮਰੱਥ ਨਹੀਂ ਸਨ ਪਰ ਅੰਮ੍ਰਿਤਸਰ ਦੇ ਦਸਤਕਾਰ ਸੂਤੀ ਤੇ ਰੇਸ਼ਮੀ ਕੱਪੜੇ ਬੁਣਨ ਵਿਚ ਵਧੇਰੇ ਨਿਪੁੰਨ ਸਨ। ਜਿਸ ਕਰਕੇ ਉਨ੍ਹਾਂ ਨੂੰ ਬਰਤਾਨੀਆਂ ਵਿਚ ਕੱਪੜੇ ਦੀ ਸਨਅਤ ਨੂੰ ਪੂਰੀ ਤਰ੍ਹਾਂ ਖੜ੍ਹਾ ਕੀਤਾ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਗਦਰ ਪਾਰਟੀ ਦੇ ਰੂਪ ਵਜੋਂ ਸੰਘਰਸ਼ ਦਾ ਆਰੰਭ ਹੋਇਆ, ਜਿਸ ਵਿਚ ਬਹੁਤ ਸਾਰੇ ਦੇਸ਼ਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚੋਂ ਵਿਸ਼ੇਸ਼ ਕਰਕੇ ਅਮਰੀਕਾ, ਕੈਨੇਡਾ ਅਤੇ ਸਿੰਘਾਪੁਰ ਦੇ ਪੰਜਾਬੀਆਂ ਨੇ ਹਿੱਸਾ ਲਿਆ। ਗਦਰ ਪਾਰਟੀ ਦੀ ਲਹਿਰ ਨੂੰ ਪੰਜਾਬੀ ਪਰਵਾਸੀਆਂ ਦੀ ਮਾਨਸਿਕਤਾ ਦਾ ਅੰਗ ਬਣਾਉਣ ਲਈ ਪ੍ਰਚਾਰ ਦੇ ਆਸ਼ੇ ਲਈ ਸਾਹਿਤ ਰਚਿਆ ਤੇ "ਗ਼ਦਰ ਗੂੰਜਾਂ" ਨਾਂ ਦੀ ਪੱਤ੍ਰਿਕਾ ਸ਼ੁਰੂ ਕੀਤੀ ਗਈ। 'ਗ਼ਦਰ' ਇਕੋ ਵੇਲੇ ਭਾਰਤੀ ਭਾਸ਼ਾਵਾਂ ਵਿਚ ਛਪਣ ਵਾਲਾ ਅਖ਼ਬਾਰ ਸੀ ਜਿਸ ਨੇ ਦੇਸ਼ ਦੀ ਆਜ਼ਾਦੀ ਨਾਲ ਹਿਤ ਰੱਖਣ ਵਾਲੇ ਲੋਕਾਂ ਦੀ ਰਸਾਈ ਸੀ। 'ਗ਼ਦਰ' ਤੇ 'ਗ਼ਦਰ ਗੂੰਜ' ਤੋਂ ਇਲਾਵਾ ਨੌਜਵਾਨ ਭਾਰਤ ਸਭਾ, ਬੱਬਰ ਅਕਾਲੀ ਲਹਿਰ, ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਆਰਮੀ ਆਦਿ ਲਹਿਰਾਂ ਨੇ ਪੰਜਾਬੀ ਵਿਚ ਰਾਸ਼ਟਰਵਾਦੀ ਕਵਿਤਾ, ਜੁਝਾਰੂ ਕਾਵਿ-ਲਹਿਰਾਂ ਵਿਚ ਉਨ੍ਹਾਂ ਦੀ ਭੂਮਿਕਾ ਨੂੰ ਵਸਾਰਿਆ ਨਹੀਂ ਜਾ ਸਕਦਾ। ਗ਼ਦਰ ਲਹਿਰ ਦਾ ਉੱਘਾ ਸੰਸਥਾਪਕ ਤੇ ਸੰਪਾਦਕ ਕਾਰਕੁੰਨ ਸੰਤੋਖ ਸਿੰਘ ਕਿਰਤੀ ਨੇ 1926 ਵਿਚ ਸ਼ੁਰੂ ਹੋਏ 'ਕਿਰਤੀ' ਸਾਬਕਾ ਪਰਵਾਸੀ ਸੀ। ਇਹ ਪਰਚਾ ਪਰਵਾਸੀ ਪੰਜਾਬੀਆਂ ਦੇ ਆਰਥਿਕ ਸਹਿਯੋਗ ਸਦਕਾ ਦੋ ਦਹਾਕੇ ਚਲਿਆ। ਇਸ ਤਰ੍ਹਾਂ 'ਗ਼ਦਰ' ਤੇ 'ਗ਼ਦਰ ਗੂੰਜ', 'ਕਿਰਤੀ' ਨੇ ਸਾਹਿਤ ਵਿਚ ਨਰੋਈਆਂ ਕਦਰਾਂ-ਕੀਮਤਾਂ ਕਾਇਮ ਕੀਤੀਆ ਜੋ ਕਿ ਭਵਿੱਖ ਵਿਚ ਸਾਡੇ ਅਖ਼ਬਾਰ ਨਵੀਸੀ ਲਈ ਰੀਸ ਕਰਨਯੋਗ ਬਣੀਆ।

ਪਰਵਾਸੀ ਪੰਜਾਬੀ ਦਾ ਦੂਜਾ ਦੌਰ ਸੁਤੰਤਰਤਾ ਪ੍ਰਾਪਤੀ ਤੋਂ ਮਗਰਲੇ ਦਹਾਕੇ ਤੋਂ ਸ਼ੁਰੂ ਹੁੰਦਾ ਹੈ। ਪੰਜਾਬੀਆਂ ਦਾ ਪਰਵਾਸ ਧਾਰਨ ਕਰਨ ਦੀ ਪ੍ਰਕਿਰਿਆ ਦਾ ਸੰਬੰਧ ਵੀਹਵੀਂ ਸਦੀ ਨਾਲ ਜੁੜਦਾ ਹੈ। ਇਸ ਸਮੇਂ ਵਿਸ਼ੇਸ਼ ਕਰਕੇ ਰੋਜ਼ੀ-ਰੋਟੀ ਦੀ ਤਲਾਸ਼ ਤੇ ਕੁਝ ਹੱਦ ਤਕ ਪੱਛਮੀ ਦੇਸ਼ਾਂ ਦੀ ਖੁੱਲ, ਐਸ਼ਪ੍ਰਸ਼ਤੀ ਨੂੰ ਮਾਣਣ ਦੀ ਚਾਹਤ ਨਾਲ ਬਹੁਤ ਸਾਰੇ ਦਰਿਮਆਨੀ-ਕਿਰਸਾਨੀ ਪਿਛੋਕੜ ਵਾਲੇ ਪੜ੍ਹੇ-ਲਿਖੇ ਨੌਜਵਾਨ ਇੰਗਲੈਂਡ, ਅਮਰੀਕਾ, ਕੈਨੇਡਾ, ਜਰਮਨੀ, ਬਰਤਾਨੀਆ, ਥਾਈਲੈਂਡ, ਆਸਟਰੇਲੀਆ, ਆਈਲੈਂਡ, ਸਿੰਘਾਪੁਰ ਆਦਿ ਦੇਸ਼ਾਂ ਵਿਚ ਵਸਣ ਲੱਗ ਪਏ ਸਨ। ਇਸ ਸੰਬੰਧੀ ਡਾ. ਸ. ਪ.

ਅਨੁਸਾਰ :- "ਵੀਹਵੀਂ ਸਦੀ ਦੇ ਆਰੰਭ ਤੋਂ ਪੰਜਾਬੀਆਂ ਨੇ ਰੁਜ਼ਗਾਰ ਦੀ ਤਲਾਸ਼ ਅਤੇ ਵਧੇਰੇ ਆਰਥਿਕ ਵਸੀਲਿਆਂ ਦੀ ਪ੍ਰਾਪਤੀ ਖ਼ਾਤਿਰ ਭਿੰਨ-ਭਿੰਨ ਦੇਸ਼ਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਸੁਭਾ ਦੇ ਤੌਰ 'ਤੇ ਮਿਹਨਤੀ, ਸਿਰੜੀ ਅਤੇ ਮੁਸ਼ਕਲਾਂ ਦਾ ਟਾਕਰਾ ਕਰਨ ਦੇ ਸਮਰੱਥ ਹੋਣ ਕਾਰਨ ਪੰਜਾਬੀ ਸਖ਼ਤ ਤੋਂ ਸਖ਼ਤ ਕੰਮ ਕਰਨ ਤੋਂ ਗੁਰੇਜ਼ ਨਹੀਂ ਕਰਦੇ ਸਨ। ਇਸ ਤਰ੍ਹਾਂ ਬਰਮਾ, ਸਿਆਮ, ਮਲਾਇਆ, ਸਿੰਘਾਪੁਰ ਆਦਿ ਗਵਾਂਢੀ ਦੇਸ਼ਾਂ ਵਿਚ ਅਤੇ ਕੈਨੇਡਾ ਤੇ ਅਮਰੀਕਾ ਆਦਿ ਦੂਰ ਦੇਸ਼ਾਂ ਵਿਚ ਪੰਜਾਬੀ ਪਹੁੰਚ ਗਏ।"[1]

ਭਾਰਤ ਦੀ ਆਜ਼ਾਦੀ ਤੋਂ ਪਿੱਛੋਂ ਪੰਜਾਬੀਆਂ ਅੰਦਰ ਰੁਜ਼ਗਾਰ, ਆਰਥਿਕ ਵਸੀਲਿਆਂ ਦੀ ਪ੍ਰਾਪਤੀ, ਸਿੱਖਿਆ, ਕਲਾ, ਸਭਿਆਚਾਰ ਤੇ ਹੋਰ ਉਦਯੋਗ ਕਾਰਨ ਪੱਛਮੀ ਦੇਸ਼ਾਂ ਵਿਚ ਵੱਸਣ ਦੀ ਲਾਲਸਾ ਉਨ੍ਹਾਂ ਅੰਦਰ ਪੈਦਾ ਹੋਈ। ਜਿਸ ਕਰ ਕੇ ਨੌਜਵਾਨਾਂ ਵਿਚ ਪੱਛਮੀ ਜੀਵਨ ਦੀ ਚਕਾਚੌਂਧ ਤੇ ਜਲਦੀ ਪੈਸੇ ਕਮਾਉਣ ਦੀ ਖਿੱਚ ਕਾਰਨ ਲੱਖਾਂ ਨੌਜਵਾਨ ਬਾਹਰਲੇ ਮੁਲਕਾਂ 'ਚ ਵੱਸਣ ਚਲੇ ਗਏ। ਇਸ ਤਰ੍ਹਾਂ ਬਰਤਾਨੀਆ, ਅਮਰੀਕਾ, ਕੀਨੀਆ, ਆਸਟਰੇਲੀਆ, ਸਿੰਘਾਪੁਰ, ਮਸਕਟ, ਜਰਮਨੀ ਆਦਿ ਦੇਸ਼ਾਂ ਵਿਚ ਪਰਵਾਸੀ ਪੰਜਾਬੀਆਂ ਦੀ ਪਰਵਾਸੀ ਸਾਹਿਤ ਦੀ ਬਹੁਤ ਤੇਜ਼ ਗਤੀ ਨਾਲ ਸਿਰਜਣਾ ਹੋ ਰਹੀ ਹੈ।

### 2.3.2 ਪਰਵਾਸ ਸ਼ਬਦ ਦਾ ਅਰਥ

ਪਰਵਾਸੀ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਪਰ+ਵਾਸ ਤੋਂ ਬਣਿਆ ਹੈ। 'ਪਰ' ਤੋਂ ਭਾਵ ਹੈ ਬੇਗਾਨਾ ਜਾਂ ਪਰਾਇਆ ਤੇ 'ਵਾਸੀ'ਤੋਂ ਭਾਵ ਹੈ ਵਸਨੀਕ ਜਾਂ ਕਿਸੇ ਥਾਂ ਦੇ ਵਸਨੀਕ ਨੂੰ ਆਖਿਆ ਜਾਂਦਾ ਹੈ। 'ਪਰਵਾਸੀ' ਸ਼ਬਦ ਦਾ ਅੰਗਰੇਜ਼ੀ ਭਾਸ਼ਾ ਵਿਚ ਸਮਾਨਅਰਥੀ ਸ਼ਬਦ **'Immigrant'**ਹੈ। ਇਹ ਅਜਿਹੇ ਵਿਅਕਤੀ ਦਾ ਸੂਚਕ ਹੈ ਜੋ ਕਿਸੇ ਪਰਾਏ ਦੇਸ਼ ਵਿਚ ਵਸਣ ਲਈ ਜਾਂਦਾ ਹੈ। ਪਰਾਈ ਧਰਤੀ ਦਾ ਵਸਨੀਕ ਜਾਂ ਉਹ ਮਨੁੱਖ ਜੋ ਆਪਣੀ ਮਾਤ ਭੂਮੀ ਜਾਂ ਆਪਣੀ ਧਰਤੀ ਨੂੰ ਛੱਡ ਕੇ ਉਸ ਧਰਤੀ ਦਾ ਵਸਨੀਕ ਹੋ ਜਾਂਦਾ ਹੈ ਜੋ ਧਰਤੀ ਉਸ ਦੀ ਆਪਣੀ ਵੀ ਨਹੀਂ ਹੁੰਦੀ।

ਮਨੁੱਖ ਦਾ ਇੱਕ ਥਾਂ ਤੋਂ ਦੂਜੀ ਥਾਂ ਉੱਪਰ ਪੱਕਾ ਟਿਕਾਣਾ ਬਣਾਉਣ ਖ਼ਾਤਰ ਜਾਣਾ ਹੀ ਪਰਵਾਸ ਅਖਵਾਉਂਦਾ ਹੈ। ਇਹ ਇੱਕ ਦੇਸ਼ ਤੋਂ ਦੂਜੇ ਦੇਸ਼ ਵੱਲ ਲੰਮੀਆਂ ਦੂਰੀਆਂ ਜਾਂ ਛੋਟੀਆਂ ਦੂਰੀਆਂ ਤੈਅ ਕਰਨਾ ਹੋ ਸਕਦਾ ਹੈ। ਪਰਵਾਸ ਪਰਿਵਾਰ ਸਮੇਤ ਜਾਂ ਪਰਿਵਾਰ ਤੋਂ ਬਿਨਾਂ ਇਕੱਲੇ ਮਨੁੱਖ ਦਾ ਹੋ ਸਕਦਾ ਹੈ।

**ਆਵਾਸ ਸ਼ਬਦ ਦਾ ਅਰਥ**

ਆਵਾਸ ਸ਼ਬਦ ਅਤੇ ਪਰਵਾਸ ਦੋਵੇਂ ਸ਼ਬਦਾਂ ਨੂੰ ਸਮਾਨ-ਅਰਥੀ ਮੰਨਿਆ ਗਿਆ ਹੈ ਪਰ ਇਨ੍ਹਾਂ ਦੋਵੇਂ ਸ਼ਬਦਾਂ ਦੇ ਅਰਥ ਅਲੱਗ - ਅਲੱਗ ਹਨ। ਆਵਾਸ ਸ਼ਬਦ ਅੰਗਰੇਜ਼ੀ ਭਾਸ਼ਾ ਵਿਚ **'Emigrant'**ਹੈ। ਇਹ ਅਜਿਹੇ ਵਿਅਕਤੀ ਦਾ ਸੂਚਕ ਹੈ ਜੋ ਕਿਸੇ ਮੁਲਕ ਨੂੰ ਛੱਡ ਕੇ ਜਾਂਦਾ ਹੈ ਭਾਵ ਕਿ ਉਹ ਆਪਣੇ ਮੁਲਕ ਨੂੰ ਛੱਡ ਕੇ ਕਿਸੇ ਹੋਰ ਮੁਲਕ ਵਿਚ ਪਰਵਾਸ ਕਰਦਾ ਹੈ।

**ਪਰਵਾਸ ਦੀਆਂ ਪਰਿਭਾਸ਼ਾਵਾਂ**

ਪਰਵਾਸੀ ਪੰਜਾਬੀ ਸਾਹਿਤ ਪਿਛਲੇ ਇਕ ਦਹਾਕੇ ਤੋਂ ਅਧਿਐਨ ਦਾ ਕੇਂਦਰੀ ਬਿੰਦੂ ਬਣਿਆ ਹੋਇਆ ਹੈ। ਪਰਵਾਸ ਦੇ ਸੰਬੰਧ ਵਿਚ ਬਹੁਤ ਸਾਰੇ ਵਿਦਵਾਨਾਂ ਤੇ ਲੇਖਕਾਂ ਨੇ ਇਸ ਨੂੰ ਪਰਿਭਾਸ਼ਿਤ ਕਰਨ ਵਿਚ ਯੋਗਦਾਨ ਪਾਇਆ ਹੈ। ਪਰਵਾਸ ਸੰਬੰਧੀ ਵਿਦਵਾਨਾਂ ਦੇ ਆਪਣੇ-ਆਪਣੇ ਵਿਚਾਰਾਂ ਤੇ ਦ੍ਰਿਸ਼ਟੀਕੋਣ ਨੂੰ ਪੇਸ਼ ਕੀਤਾ ਹੈ ਜੋ ਇਸ ਪ੍ਰਕਾਰ ਹੈ:-

ਡਾ. ਸ.ਪ.ਸਿੰਘ ਅਨੁਸਾਰ :- ਪਰਾਈਆਂ ਧਰਤੀਆਂ ਤੇ ਰੁਜ਼ਗਾਰ ਦੀ ਤਲਾਸ਼ ਜਾਂ ਵਧੇਰੇ ਆਰਥਿਕ ਵਸੀਲਿਆਂ ਨੂੰ ਪ੍ਰਾਪਤ ਕਰਨ ਦੀ ਲਾਲਸਾ ਵਿਚ ਅਸਥਾਈ ਤੌਰ 'ਤੇ ਵਿਚਰਣ ਵਾਲੇ ਵਿਅਕਤੀਆਂ ਨੂੰ 'ਪਰਵਾਸੀ' ਦਾ ਨਾਂ ਦਿੱਤਾ ਜਾਂਦਾ ਹੈ।"[2]

ਡਾ. ਹਰਚੰਦ ਸਿੰਘ ਬੇਦੀ ਅਨੁਸਾਰ :- "'ਪ੍ਰਵਾਸੀ'ਸ਼ਬਦ ਪੰਜਾਬੀ ਭਾਸ਼ਾ ਦੇ ਉਚਾਰਨ ਤੇ ਨਿਰੁਕਤੀ ਦੀ ਦ੍ਰਿਸ਼ਟੀ ਤੋਂ ਉੱਚਿਤ ਪ੍ਰਤੀਤ ਨਹੀਂ ਹੁੰਦਾ ਹੈ ਕਿਉਂਕਿ 'ਪਰਵਾਸੀ' ਸ਼ਬਦ ਉਚਾਰਣ ਵੇਲੇ 'ਰ'ਪੂਰਾ ਉਚਾਰਿਆ ਜਾਂਦਾ ਹੈ।'ਪਰਵਾਸੀ'ਸ਼ਬਦ 'ਪਰ' ਤੇ 'ਵਾਸੀ' ਦੋ ਸ਼ਬਦਾਂ ਦੀ ਸੰਧੀ ਹੈ। ਇਸ ਲਈ ਇਨ੍ਹਾਂ ਸ਼ਬਦਾਂ ਵਿਚ 'ਪਰਵਾਸੀ' ਸ਼ਬਦ ਦਾ ਪ੍ਰਯੋਗ ਹੀ ਉੱਚਿਤ ਪ੍ਰਤੀਤ ਹੁੰਦਾ ਹੈ।"[3]

ਡਾ.ਕਰਨੈਲ ਸਿੰਘ ਅਨੁਸਾਰ :- "'ਆਵਾਸੀ'ਸ਼ਬਦ ਵੀ 'ਪਰਵਾਸੀ'ਦੇ ਅਰਥਾਂ ਵਿਚ ਵਰਤਿਆਂ ਜਾਂਦਾ ਹੈ ਪਰ ਦੋਹਾਂ ਦੇ ਅਰਥ ਸੰਦਰਭ ਵੱਖਰੇ-ਵੱਖਰੇ ਹਨ। ਅੰਗਰੇਜ਼ੀ ਭਾਸ਼ਾ ਦੇ ਸ਼ਬਦ**'Emigrant'**ਤੇ**'Immigrant'**ਦੀ ਵਿਆਖਿਆ 'ਪਰਵਾਸੀ' ਤੇ 'ਆਵਾਸੀ'ਸ਼ਬਦਾਂ ਦੇ ਅਰਥਾਂ ਦਾ ਨਿਖੇੜਾ ਕਰਦੀ ਹੈ।**'Emigrant'**ਅਜਿਹੇ ਵਿਅਕਤੀ ਦਾ ਸੂਚਕ ਹੈ, ਜਿਹੜਾ ਕਿਸੇ ਮੁਲਕ ਨੂੰ ਛੱਡ ਕੇ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਸ਼ਬਦ'ਪਰਵਾਸੀ'ਇਸ ਲਈ ਉਪਯੁਕਤ ਹੈ ਕਿਉਂਕਿ ਇਸ ਵਿਚ ਅਰਥ 'ਜਾ ਕੇ ਵੱਸਣ ਦੇ' ਵਿਦਵਾਨ ਹਨ।"[4]

ਡਾ. ਸੁਰਜੀਤ ਹਾਂਸ ਨੇ ਵਲਾਇਤੀਆਂ ਦੇ ਸੰਦਰਭ ਵਿਚ ਆਵਾਸ ਤੇ ਢੁੱਕਦੀ ਹੋਈ ਉਦਾਹਰਣ ਦਿੰਦੇ ਹੋਇਆ ਕਹਿੰਦਾ ਹੈ:- "ਪ੍ਰਵਾਸੀ ਵਲਾਇਤ ਆ ਕੇ ਆਪਣਾ ਦੇਸੀ ਚਰਿੱਤਰ ਗੁਆ ਲੈਂਦੇ ਹਨ ਅਤੇ ਉਨ੍ਹਾਂ ਦੇ ਵਲਾਇਤੀ ਚਿਤਰ ਦਾ ਕੋਈ ਪ੍ਰੋੜ ਰੂਪ ਨਹੀਂ ਬਣਿਆ ਹੁੰਦਾ। ਉਹਨਾਂ ਦੇ ਇਖਲਾਕ ਵਿਚ ਇੰਤਸ਼ਾਰ ਆ ਜਾਂਦਾ ਹੈ।"[5]

ਡਾ.ਸੁਰਿੰਦਰ ਸਿੰਘ ਅਨੁਸਾਰ :- "ਪਰਵਾਸੀ ਉਹ ਲੋਕ ਹਨ ਜੋ ਆਪਣਾ ਮੂਲ ਦੇਸ਼ ਛੱਡ ਕੇ ਅਣਮਿੱਥੇ ਸਮੇਂ ਲਈ ਕਿਸੇ ਹੋਰ ਦੇਸ਼ ਵਿਚ ਚਲੇ ਜਾਂਦੇ ਹਨ ਅਤੇ ਉਥੇ ਜਾ ਕੇ ਰਹਿਣ ਦਾ ਫੈਸਲਾ ਕਰਨ ਦਾ ਅਧਿਕਾਰ ਰੱਖਦੇ ਹਨ।"[6]

### 2.4 ਪਰਵਾਸੀ ਮਸਲਿਆਂ ਦਾ ਵਿਸ਼ਲੇਸ਼ਣ

ਪਰਵਾਸੀ ਪੰਜਾਬੀ ਮੁੱਢ ਤੋਂ ਹੀ ਔਕੜਾਂ ਦਾ ਸਾਹਮਣਾ ਕਰਦਾ ਆ ਰਿਹਾ ਹੈ। ਭਾਵੇਂ ਉਹ ਸਮੱਸਿਆ ਉਸ ਦੇ ਦੇਸ਼ ਤੇ ਹੋਵੇ ਜਾਂ ਉਸ ਦੇ ਸਮਾਜ ਤੇ ਜਾਂ ਉਸ ਦੇ ਪਰਿਵਾਰ ਤੇ ਜਾਂ ਖ਼ੁਦ ਉਸ ਉੱਪਰ। ਉਹ ਇਨ੍ਹਾਂ ਸਮੱਸਿਆਵਾਂ ਨਾਲ ਜਨਮ ਤੋਂ ਹੀ ਜੂਝਣਾ ਸਿੱਖ ਜਾਂਦਾ ਹੈ। ਪਰ ਜਦੋਂ ਉਹ ਇਨ੍ਹਾਂ ਸਮੱਸਿਆਵਾਂ ਨੂੰ ਖ਼ਤਮ ਕਰਨ ਲਈ ਪਰਵਾਸ ਧਾਰਨ ਕਰਦਾ ਹੈ ਤਾਂ ਉਸ ਨੂੰ ਉੱਥੇ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਵਾਸੀ ਪੰਜਾਬੀ ਦੇ ਪਰਵਾਸ ਧਾਰਨ ਕਰਨ ਉਪਰੰਤ ਵਿਸ਼ਵੀਕਰਨ ਦੇ ਦੌਰ ਕਾਰਨ ਬਹੁਤ ਹੀ ਜਾਣੀਆ – ਪਛਾਣੀਆਂ ਸਮੱਸਿਆਵਾਂ- ਆਰਥਿਕਤਾ, ਨਸਲੀ ਵਿਤਕਰਾ, ਅਣਜੋੜ ਵਿਆਹ, ਪੀੜ੍ਹੀਆਂ ਦੀ ਵਿੱਥ ਜਾਂ ਪੀੜ੍ਹੀਆਂ ਦੀ ਸਮੱਸਿਆ, ਬੇਗਾਨਗੀ ਤੇ ਇਕੱਲਾਪਨ, ਧਾਰਮਿਕ ਤੇ ਪੰਜਾਬੀ ਬੋਲੀ ਦੇ ਗੁੰਮ ਹੋਣ ਦੀਆਂ ਪ੍ਰਮੁੱਖ ਸਮੱਸਿਆਵਾਂ ਹਨ। ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਮਜ਼ਬੂਰੀ ਵਸ ਪਿਆ ਪਰਵਾਸ ਧਾਰਨ ਕਰਦਾ ਹੈ। ਉਨ੍ਹਾਂ ਦੀਆਂ ਸਮੱਸਿਆਵਾਂ ਹੇਠ ਲਿਖੀਆਂ ਹਨ :-

### 2.4.1 ਆਰਥਿਕਤਾ

ਪਰਵਾਸੀ ਜੀਵਨ ਵਿਚ ਸਭ ਤੋਂ ਵਧੇਰੇ ਚਰਚਿਤ ਮਸਲਾ ਆਰਥਿਕਤਾ ਜਾਂ ਆਰਥਿਕ ਮੰਦਹਾਲੀ ਦਾ ਹੈ। ਆਰਥਿਕਤਾ, ਪਰਵਾਸੀ ਪੰਜਾਬੀਆਂ ਦੇ ਨਿੱਜੀ ਜੀਵਨ ਨਾਲ ਵੀ ਸੰਬੰਧਿਤ ਹੈ ਤੇ ਵਤਨ ਦੇ ਵਿਰਸੇ ਨਾਲ ਵੀ ਸੰਬੰਧਿਤ ਹੈ। ਮਨੁੱਖ ਦੀ ਦਸ਼ਾ ਤੇ ਦਿਸ਼ਾ ਪੂਰੀ ਤਰ੍ਹਾਂ ਆਰਥਿਕਤਾ ਤੇ ਨਿਰਭਰ ਹੈ। ਪੂੰਜੀਵਾਦੀ ਸਮਾਜ ਕਾਰਨ ਹੀ ਪਰਿਵਾਰਾਂ ਤੇ ਰਿਸ਼ਤਿਆਂ ਦੀ ਟੁੱਟ – ਭੱਜ ਹੋ ਰਹੀ ਹੈ। ਪਰਵਾਸ ਵਿਚ ਰਹਿੰਦਿਆਂ ਪਰਿਵਾਰਾਂ ਤੇ ਮਾਪਿਆਂ - ਬੱਚਿਆਂ ਵਿਚ ਵੀ ਕੁੜਤਣ ਪੈਦਾ ਕਰਨ ਦਾ ਮੁੱਖ ਕਾਰਨ ਪੈਸਾ ਹੈ। ਅੱਜ ਦੇ ਸਮੇਂ ਵਿਚ ਮਨੁੱਖ ਆਪਣੇ ਜੀਵਨ ਵਿਚ ਸਭ ਤੋਂ ਵੱਧ ਅਹਿਮੀਅਤ ਪੈਸੇ ਨੂੰ ਹੀ ਦਿੰਦਾ ਹੈ ਕਿਉਂਕਿ ਉਹ ਪੈਸੇ ਨਾਲ ਸਭ ਕੁਝ ਪ੍ਰਾਪਤ ਕਰਨ ਦੀ ਇੱਛਾ ਰੱਖਦਾ ਹੈ। ਪਰਵਾਸੀ ਪੰਜਾਬੀ ਆਰਥਿਕ ਮੰਦਹਾਲੀ ਕਰ ਕੇ ਹੀ ਆਪਣਾ ਦੇਸ਼ ਛੱਡ ਕੇ ਦੂਸਰੇ ਦੇਸ਼ ਵਿਚ ਪਰਵਾਸ ਕੱਟਣ ਤੁਰ ਪੈਂਦਾ ਹੈ। ਪਰਵਾਸੀ ਪੰਜਾਬੀ ਪੱਛਮੀ ਦੇਸ਼ਾਂ ਵਿਚ ਰੁਜ਼ਗਾਰ ਦੀ ਭਾਲ ਕਰ ਕੇ ਆਰਥਿਕ ਪੱਖੋਂ ਤਾਂ ਆਪਣਾ ਜੀਵਨ ਸੁਖਾਲਾ ਬਤੀਤ ਕਰਨ ਵਿਚ ਸਫ਼ਲ ਹੋ ਜਾਂਦੇ ਹਨ ਪਰ ਉਨ੍ਹਾਂ ਦੇ ਜੀਵਨ ਵਿਚ ਅਸਾਂਤੀ ਤੇ ਮਾਨਸਿਕ ਤਣਾਅ ਵਧੇਰੇ ਵਧ ਜਾਂਦਾ ਹੈ।

### 2.4.2 ਨਸਲੀ ਵਿਤਕਰਾ / ਨਸਲਵਾਦ

ਨਸਲਵਾਦ ਇਕ ਅੰਤਰ - ਰਾਸ਼ਟਰੀ ਸਮੱਸਿਆ ਜਾਂ ਮਸਲਾ ਹੈ। ਇਹ ਪਰਵਾਸੀ ਪੰਜਾਬੀਆਂ ਦੇ ਜੀਵਨ ਨਾਲ ਜੁੜਿਆਂ ਅਜਿਹਾ ਮਸਲਾ ਹੈ, ਜਿਸ ਨੇ ਹਰ ਇਕ ਪੰਜਾਬੀ ਨੂੰ ਧੁਰ ਅੰਦਰ ਤਕ ਝੰਜੋੜ ਕੇ ਰੱਖ ਦਿੱਤਾ ਹੈ। ਪੱਛਮੀ ਦੇਸ਼ਾਂ ਦੇ ਲੋਕ ਸਮੁੱਚੇ ਤੌਰ ਤੇ ਪੰਜਾਬੀਆਂ ਨਾਲ ਈਰਖਾ, ਨਫ਼ਰਤ ਤੇ ਰੰਗ – ਰੂਪ ਦਾ ਭੇਦ-ਭਾਵ ਕਰਦੇ ਹਨ। ਜਿਸ ਨਾਲ ਪਰਵਾਸੀ ਪੰਜਾਬੀ ਨੂੰ ਇਕੱਲਤਾ ਤੇ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਜਦੋਂ ਪਰਵਾਸੀ ਪੰਜਾਬੀ ਨਸਲਵਾਦ ਦੇ ਵਿਤਕਰਾ ਜਾਂ ਭੇਦ-ਭਾਵ ਹੁੰਦਿਆਂ ਦੇਖਦਾ ਹੈ ਤਾਂ ਉਸ ਨੂੰ ਆਪਣਾ ਪੰਜਾਬੀ ਸਭਿਆਚਾਰ ਯਾਦ ਆਉਂਦਾ ਹੈ ਤੇ ਕਈ ਵਾਰ ਆਪਣੇ ਪਿੰਡ ਤੇ ਪਿੰਡ ਦੀਆਂ ਯਾਦਾਂ ਵਿਚ ਡੁੱਬ ਜਾਂਦਾ ਹੈ। ਨਸਲਵਾਦ ਨੇ ਅੱਜ ਗੰਭੀਰ ਰੂਪ ਧਾਰਨ ਕਰ ਲਿਆ ਹੈ। ਇਹ ਹਰ ਇਕ ਮੁਲਕ ਵਿਚ ਪਾਈ ਜਾਂਦੀ ਹੈ। “ਨਸਲਵਾਦ/ਨਸਲੀ ਵਿਤਕਰਾ ਇਕ ਅੰਤਰਰਾਸ਼ਟਰੀ ਸਮੱਸਿਅਕ ਵਰਤਾਰਾ ਹੈ। ਇਸ ਸਮੱਸਿਆ ਨੇ ਗਲੋਬ ਦੇ ਭਿੰਨ ਭਿੰਨ ਭੂਗੋਲਿਕ ਖਿੱਤਿਆਂ ਅਤੇ ਉਪਜਾਊ ਧਰਤੀਆਂ ਦੇ

ਵਸਨੀਕ ਮਨੁੱਖੀ ਜੀਵਾਂ ਨੂੰ ਆਪਣੀ ਪਕੜ ਤੇ ਜਕੜ ਵਿਚ ਰੱਖਿਆ ਹੋਇਆ ਹੈ।"[7] ਇਸ ਤਰ੍ਹਾਂ ਪਰਵਾਸੀ ਪੰਜਾਬੀ ਨਸਲਵਾਦੀ ਸਮੱਸਿਆ ਦਾ ਸ਼ਿਕਾਰ ਹੋ ਰਿਹਾ ਹੈ।

### 2.4.3 ਪੀੜ੍ਹੀਆਂ ਦੀ ਸਮੱਸਿਆ

ਪਰਵਾਸੀ ਪੰਜਾਬੀ ਸਾਹਿਤ ਵਿਚ ਸਭ ਤੋਂ ਵੱਡੀ ਤੇ ਦੁਖਦਾਇਕ ਸਮੱਸਿਆ ਪੀੜ੍ਹੀਆਂ ਦੀ ਵਿਥ ਤੇ ਪੀੜ੍ਹੀਆਂ ਦੀ ਸਮੱਸਿਆ ਹੈ। ਪਰਵਾਸੀ ਪੰਜਾਬੀ ਜਦੋਂ ਆਪਣੇ ਦੇਸ਼ ਨੂੰ ਛੱਡਕੇ ਪਰਵਾਸ ਵਿਚ ਆ ਵਸਦਾ ਹੈ ਤਾਂ ਉਸ ਨੂੰ ਆਪਣੀ ਪੀੜ੍ਹੀ ਪ੍ਰਤੀ ਜਿਹੜੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਹੈ ਪੀੜ੍ਹੀਆਂ ਦੀ ਵਿਥ ਜਾਂ ਪੀੜ੍ਹੀ -ਪਾੜੇ ਦੀ ਸਮੱਸਿਆ। ਪਰਵਾਸੀ ਪੰਜਾਬੀ ਵਿਦੇਸ਼ਾਂ ਵਿਚ ਆ ਕੇ ਆਪਣੇ ਸਭਿਆਚਾਰ ਨਾਲੋਂ ਨਹੀਂ ਟੁੱਟਣਾ ਚਾਹੁੰਦਾ ਹੈ, ਜਿਸ ਕਰ ਕੇ ਉਹ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਵੀ ਆਪਣੇ ਪੰਜਾਬੀ ਸਭਿਆਚਾਰ ਨਾਲ ਜੋੜੀ ਰੱਖਣਾ ਚਾਹੁੰਦਾ ਹੈ। ਉਹ ਨਵੀਂ ਪੀੜ੍ਹੀ ਨੂੰ ਆਪਣੀ ਪੰਜਾਬੀ ਭਾਸ਼ਾ, ਸਭਿਆਚਾਰ, ਖਾਣ-ਪੀਣ, ਰਸਮਾਂ-ਰੀਵਾਜਾਂ ਆਦਿ ਨਾਲ ਜੋੜ ਕੇ ਰੱਖਣਾ ਚਾਹੁੰਦਾ ਹੈ। ਉਹ ਅਜਿਹਾ ਇਸ ਕਰ ਕੇ ਕਰਦਾ ਹੈ ਕਿਉਂਕਿ ਉਸ ਨੂੰ ਸਵੈ-ਪਹਿਚਾਣ ਦੇ ਅਲੋਪ ਹੋਣ ਦਾ ਡਰ ਵੀ ਹੁੰਦਾ ਹੈ। ਪਰ ਨਵੀਂ ਪੀੜ੍ਹੀ ਨੂੰ ਆਪਣੇ ਇੰਨਾ ਜਾਣਨ ਦੀ ਇੱਛਾ ਨਹੀਂ ਰੱਖਦੀ, ਕਿਉਂਕਿ ਨਵੀਂ ਪੀੜ੍ਹੀ ਜਾਂ ਦੂਜੀ ਪੀੜ੍ਹੀ ਮਸ਼ੀਨੀ-ਇੰਡਸਟਰੀਅਲ ਜਾਂ ਪੂੰਜੀਵਾਦੀ ਸਮਾਜ ਨਾਲ ਜੁੜੀ ਹੋਈ ਹੈ, ਜਿਸ ਕਰ ਕੇ ਪਰਵਾਸੀ ਪੰਜਾਬੀ ਨੂੰ ਆਪਣੀ ਔਲਾਦ ਆਪਣੇ ਸਭਿਆਚਾਰ ਤੋਂ ਵਿਸਰੀ ਹੋਈ ਜਾਂ ਗੁਆਚੀ ਹੋਈ ਲੱਗਦੀ ਹੈ। ਪਰਵਾਸ ਵਿਚਲੀ ਪੀੜ੍ਹੀ ਆਪਣੇ ਪੱਛਮੀ ਸਭਿਆਚਾਰ ਤੋਂ ਟੁੱਟਣਾ ਨਹੀਂ ਚਾਹੁੰਦੀ, ਕਿਉਂਕਿ ਉਨ੍ਹਾਂ ਦਾ ਜੰਮ-ਪਲ ਉਸੇ ਸਭਿਆਚਾਰ ਤੇ ਸਮਾਜ ਵਿਚ ਹੋਇਆ ਹੈ ਤੇ ਉਹ ਪੱਛਮੀ ਸਭਿਆਚਾਰ ਵਿਚ ਹੀ ਆਪਣਾ ਜੀਵਨ ਢਾਲ ਦਿੰਦੇ ਹਨ। ਇਸ ਸੰਬੰਧੀ ਹਰਬਖਸ਼ ਸਿੰਘ ਮਕਸੂਦਪੁਰੀ ਦਾ ਕਹਿਣਾ ਹੈ :- "ਨਵੀਂ ਪੀੜ੍ਹੀ ਲਈ ਧਰਮ ਅਤੇ ਜਾਤ ਆਦਿ ਦੇ ਬੰਧਨ ਕੋਈ ਅਰਥ ਨਹੀਂ ਰੱਖਦੇ। ਇਨ੍ਹਾਂ 'ਤੇ ਸਰਮਾਏਦਾਰੀ ਸਮਾਜ ਦੀ ਮੁਖ ਧਾਰਾ ਵਿਅਕਤੀਵਾਦ ਪ੍ਰਧਾਨ ਹੈ। ਇਸ ਲਈ ਇਹ ਨਿਰੋਲ ਆਪਣੇ ਨਿੱਜ ਦੇ ਚੰਗੇ ਮੰਦੇ ਦਾ ਸੋਚਦੇ ਹਨ ਤੇ ਅੰਤਰਜਾਤੀ ਤੇ ਅੰਤਰ – ਧਰਮ ਵਿਆਹ ਕਰਵਾ ਰਹੇ ਹਨ।"[8]

### 2.4.4 ਇਕੱਲਾਪਨ ਤੇ ਬੇਗਾਨਗੀ

ਪਰਵਾਸੀ ਪੰਜਾਬੀ ਦੇ ਪਰਵਾਸ ਧਾਰਨ ਕਰਨ ਪਿੱਛੇ ਇਕ ਵੱਡਾ ਮਸਲਾ ਇਕੱਲਤਾ ਤੇ ਬੇਗਾਨਗੀ ਦਾ ਹੈ। ਜਦੋਂ ਬੰਦਾ ਪਰਵਾਸ ਆਪਣੀ ਆਰਥਿਕ ਮੰਦਹਾਲੀ ਨੂੰ ਸੁਧਾਰਨ ਜਾਂ ਕਿਸੇ ਹੋਰ ਕਾਰਨ ਜਾਂਦਾ ਹੈ ਤਾਂ ਬੇਗਾਨੇ ਮੁਲਕ ਵਿਚ ਉਸ ਨੂੰ ਇਕੱਲਾਪਨ ਤੇ ਬੇਗਾਨਗੀ ਮਹਿਸੂਸ ਹੁੰਦੀ ਹੈ। ਉਹ ਵਿਦੇਸ਼ ਜਾ ਕੇ ਨਾ ਤਾਂ ਕਿਸੇ ਨਾਲ ਖੁੱਲ ਕੇ ਗੱਲ ਕਰ ਸਕਦਾ ਹੈ ਤਾਂ ਨਾ ਹੀ ਕਿਸੇ ਦੂਜੇ ਸਭਿਆਚਾਰ ਵਿਚ ਇੰਨੀ ਜਲਦੀ ਵਿਚਰ ਸਕਦਾ ਹੈ। ਮਨੁੱਖ ਪਰਵਾਸ ਜਾ ਕੇ ਡਾਲਰਾਂ ਨਾਲ ਜੁੜ ਜਾਂਦਾ ਹੈ ਤੇ ਆਪਣੇ ਆਪ ਤੇ ਆਪਣੇ ਰਿਸ਼ਤਿਆਂ ਨਾਲੋਂ ਟੁੱਟ ਜਾਂਦਾ ਹੈ ਪਰ ਜਦੋਂ ਉਸ ਨੂੰ ਇਸ ਇਕੱਲੇਪਨ ਦਾ ਅਹਿਸਾਸ ਹੁੰਦਾ ਹੈ ਤਾਂ ਉਸ ਨੂੰ ਆਪਣਾ ਪੰਜਾਬੀ ਸਭਿਆਚਾਰ ਤੇ ਉਸ ਦੀਆਂ ਮਾਣੀਆਂ ਖੁੱਲ੍ਹਾਂ ਉਸ ਨੂੰ ਆਪਣਾ ਸਭਿਆਚਾਰ ਭੁੱਲਣ ਨਹੀਂ ਦਿੰਦੀਆਂ ਹਨ। ਜਦੋਂ ਮਨੁੱਖ ਪੈਸੇ ਕਮਾਉਣ ਦੀ ਲਾਲਸਾ ਜਾਂ ਜਾਲ ਵਿਚ ਫਸ ਜਾਂਦਾ ਹੈ ਤਾਂ ਉਹ ਇਕੱਲਾ ਰਹਿ ਜਾਂਦਾ ਹੈ। ਉਹ ਉਸ ਸਮੇਂ ਖ਼ੁਦ ਹੀ ਗੱਲ ਕਰਦਾ ਹੈ ਤਾਂ ਖ਼ੁਦ ਹੀ ਹੁੰਗਾਰੇ ਭਰਦਾ ਹੈ, ਪਰ ਜਦੋਂ ਉਸ ਨੂੰ ਇਨ੍ਹਾਂ ਸਭ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਸਭ ਰਿਸ਼ਤੇ ਤੇ ਸਾਂਝ ਯਾਦ ਆਉਂਦੇ ਹਨ ਤਾਂ ਉਹ ਅੰਦਰੋਂ ਅੰਦਰੀ ਟੁੱਟ ਜਾਂਦਾ ਹੈ। ਇਸ ਇਕੱਲੇਪਨ ਤੇ ਬੇਗਾਨਗੀ ਕਾਰਨ ਮਨੁੱਖ ਮਾਨਸਿਕ ਤਣਾਉ ਦਾ ਵਧੇਰੇ ਸ਼ਿਕਾਰੀ ਹੋ ਜਾਂਦਾ ਹੈ।

### 2.4.5 ਧਾਰਮਿਕ ਸਮੱਸਿਆ

ਪਰਵਾਸੀ ਪੰਜਾਬੀਆਂ ਦੇ ਜੀਵਨ ਵਿਚ ਇਕ ਵੱਡਾ ਮਸਲਾ ਧਰਮ ਦਾ ਹੈ। ਪੰਜਾਬੀ ਲੋਕ ਧਰਮ ਦੇ ਨਾਂ ’ਤੇ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੇ ਹਨ। ਪੰਜਾਬੀ ਲੋਕ ਧਰਮ ਲਈ ਕਿਸੇ ਦਾ ਸਿਰ ਤਕ ਕੱਟ ਵੀ ਦਿੰਦੇ ਹਨ ਤੇ ਸਿਰ ਕਟਵਾ ਵੀ ਲੈਂਦੇ ਹਨ। ਉਹ ਧਰਮ ਲਈ ਆਪਣਾ ਸਭ ਕੁਝ ਤਿਆਗ ਦਿੰਦੇ ਹਨ। ਪਰਵਾਸ ਵਿਚ ਪੰਜਾਬੀਆਂ ਨੂੰ ਧਰਮ ਦੇ ਨਾਂ ’ਤੇ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰਵਾਸੀ ਪੰਜਾਬੀਆਂ ਵਿਚੋਂ ਪੰਜਾਬੀ ਸਿੱਖਾਂ ਲਈ ਸਿੱਖੀ ਧਰਮ ਸਮੱਸਿਆ ਬਣ ਰਿਹਾ ਹੈ। ਉਨ੍ਹਾਂ ਨੂੰ ਰੁਜ਼ਗਾਰ ਦੀ ਭਾਲ ਵਿਚ ਨਿਕਲਣਾ ਪੈਂਦਾ ਸੀ ਤਾਂ ਵੱਡੀ ਸਮੱਸਿਆ ਕੇਸ ਤੇ ਪੱਗ ਦਾ ਸੀ। ਜਿਸ ਨਾਲ ਉਨ੍ਹਾਂ ਨੂੰ ਅੱਡਰੇ ਹੋਣ ਦਾ ਅਹਿਸਾਸ ਕਰਵਾ ਕੇ ਪਰੇਸ਼ਾਨ ਕੀਤਾ ਜਾਂਦਾ ਸੀ ਤੇ ਉਨ੍ਹਾਂ ਦਾ ਮਜ਼ਾਕ ਵੀ ਉਡਾਇਆ ਜਾਂਦਾ ਸੀ। ਇਸ ਸੰਬੰਧੀ ਡਾ. ਹਰਚੰਦ ਸਿੰਘ ਬੇਦੀ ਦਾ ਕਹਿਣਾ ਹੈ :- “ਪਰਵਾਸੀਆਂ ਦੀਆਂ ਆਪਣੀਆਂ ਵਿਸ਼ੇਸ਼ ਧਾਰਮਿਕ, ਸਭਿਆਚਾਰਕ ਤੇ ਸਮਾਜਿਕ ਮਾਨਤਾਵਾਂ ਤੇ ਆਸਥਾਵਾਂ ਹਨ। ਨਵਾਂ ਪਰਿਵੇਸ਼ ਇਨ੍ਹਾਂ ਲਈ ਨਾ ਸਿਰਫ਼ ਓਪਰਾ ਹੈ ਸਗੋਂ ਇਨ੍ਹਾਂ ਦੀ ਤਰਜ਼ੇ ਜ਼ਿੰਦਗੀ ਦੇ ਘੋਰ ਵਿਪਰੀਤ ਵੀ ਹੈ। ਗੋਰਿਆਂ ਨੇ ਉਸਨੂੰ ਰੁਜ਼ਗਾਰ ਦੇਣ ਤੋਂ ਪਹਿਲਾਂ ਉਸ ਦੀ

ਧਾਰਮਿਕ ਤੇ ਸਭਿਆਚਾਰਕ ਸ਼ਨਾਖ਼ਤ ਨੂੰ ਛਾਂਗਿਆ ਅਤੇ ਆਪਣੇ ਅਨੁਕੂਲ ਬਣਾ ਕੇ ਡੌਲਿਆ, ਉਸ ਨੂੰ ਉਸ ਦੇ ਸਮੁੱਚੇ ਵਿਅਕਤੀਗਤ ਤੇ ਇਤਿਹਾਸਕ ਸੰਦਰਭ ਤੋਂ ਵਿਛੁੰਨਣ ਦੀ ਕੋਸ਼ਿਸ਼ ਕੀਤੀ ਹੈ।"[9] ਇਸ ਤਰ੍ਹਾਂ ਪਰਵਾਸੀ ਪੰਜਾਬੀਆਂ ਨੂੰ ਆਪਣੇ ਧਰਮ ਦੀ ਹੋਂਦ ਲਈ ਕਈ ਸੰਘਰਸ਼ ਕਰਨੇ ਪਏ, ਜਿਸ ਕਰ ਕੇ ਹੁਣ ਸਿੱਖਾਂ ਦੇ ਗੁਰਦੁਆਰਿਆਂ ਦੀ ਗਿਣਤੀ ਵਧ ਹੈ। ਜਿਸ ਵਿਚ ਪੰਜਾਬੀ ਸਿੱਖ ਆਪਣੀ ਹਰ ਸਮੱਸਿਆ ਦਾ ਹੱਲ ਜਾਂ ਹਰ ਮਸਲਾ ਉੱਥੇ ਹੱਲ ਕਰਦੇ ਹਨ।

### 2.4.6 ਅਣਜੋੜ ਵਿਆਹ

ਪਰਵਾਸੀ ਪੰਜਾਬੀ ਦੇ ਜੀਵਨ ਦਾ ਇਕ ਅਹਿਮ ਮਸਲਾ ਅਣਜੋੜ ਵਿਆਹ ਹੈ। ਪੰਜਾਬੀ ਲੋਕ ਆਪਣੀਆਂ ਜ਼ਰੂਰਤਾਂ ਜਾਂ ਮਜ਼ਬੂਰੀ ਵਸ ਅਣਜੋੜ ਵਿਆਹ ਵੀ ਰਚਾ ਲੈਂਦੇ ਹਨ। ਉਹ ਆਪਣੇ ਜੀਵਨ ਵਿਚ ਵਧੇਰੇ ਅਹਿਮੀਅਤ ਆਪਣੇ ਰਿਸ਼ਤਿਆਂ ਨੂੰ ਨਹੀਂ, ਸਗੋਂ ਆਪਣੀਆਂ ਜ਼ਰੂਰਤਾਂ ਨੂੰ ਦਿੰਦੇ ਹਨ। ਇਹ ਮਸਲਾ ਸਿਰਫ਼ ਪੰਜਾਬ ਵਿਚ ਹੀ ਨਹੀਂ, ਸਗੋਂ ਹੋਰਾਂ ਮੁਲਕਾਂ ਵਿਚ ਵੀ ਵਧੇਰੇ ਵੇਖਣ ਨੂੰ ਮਿਲਦਾ ਹੈ। ਇਹ ਲੋਕ ਆਪਣੀਆਂ ਜ਼ਰੂਰਤਾਂ ਜਾਂ ਮਜ਼ਬੂਰੀ ਵਸ ਆਪਣੀਆਂ ਬੇਟੀਆਂ ਜਾਂ ਭੈਣਾ ਨੂੰ ਜਿਆਦਾ ਉਮਰ ਵਾਲੇ ਵਿਅਕਤੀ ਨਾਲ ਵਿਆਹ ਦਿੰਦੇ ਹਨ। ਉਹ ਵਿਅਕਤੀ ਉਨ੍ਹਾਂ ਨੂੰ ਪੈਸੇ ਦਾ ਲਾਲਚ ਦੇ ਕੇ ਜਾਂ ਉਨ੍ਹਾਂ ਦੀ ਧੀ ਨੂੰ ਵਿਦੇਸ਼ ਲੈ ਕੇ ਜਾਣ ਦਾ ਝਾਂਸਾ ਦੇ ਕੇ ਵਿਆਹ ਕਰਵਾ ਲੈਂਦੇ ਹਨ। ਇਸ ਅਣਜੋੜ ਵਿਆਹ ਕਾਰਨ ਨਾ ਤਾਂ ਉਨ੍ਹਾਂ ਦੀ ਸੋਚ-ਵਿਚਾਰ ਮਿਲਦੇ ਹਨ ਤੇ ਨਾ ਹੀ ਜੀਵਨ ਜੀਊਣ ਦਾ ਨਜ਼ਰੀਆਂ। ਕਈ ਵਾਰ ਤਾਂ ਅਜਿਹਾ ਵੀ ਹੁੰਦਾ ਹੈ ਕਿ ਲੜਕਾ - ਲੜਕੀ ਇੱਕ - ਦੂਜੇ ਉੱਪਰ ਆਪਣੀ ਸੋਚ ਥੋਪਣ ਲੱਗ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੇ ਜੀਵਨ ਵਿਚ ਉਥਲ - ਪੁਥਲ ਮਚ ਜਾਂਦੀ ਹੈ ਤੇ ਉਨ੍ਹਾਂ ਦੇ ਜੀਵਨ ਵਿਚ ਤਣਾਅ ਆ ਜਾਂਦਾ ਹੈ।

### 2.4.7 ਪੰਜਾਬੀ ਬੋਲੀ ਦੇ ਗੁੰਮ ਹੋਣ ਦੀ ਸਮੱਸਿਆ

ਪੰਜਾਬੀਆਂ ਦੇ ਪਰਵਾਸ ਧਾਰਨ ਕਰਨ ਪਿੱਛੇ ਇਕ ਵੱਡੀ ਸਮੱਸਿਆ ਦਾ ਜਨਮ ਹੋਇਆ, ਜੋ ਕਿ ਪੰਜਾਬੀ ਭਾਸ਼ਾ ਦੇ ਗੁੰਮ ਹੋਣ ਦੀ ਸਮੱਸਿਆ ਹੈ। ਪੰਜਾਬੀ ਲੋਕ ਆਪਣੀਆਂ ਜ਼ਰੂਰਤਾਂ ਕਰ ਕੇ ਵਿਦੇਸ਼ਾਂ ਵਿਚ ਤਾਂ ਚਲੇ ਜਾਂਦੇ ਹਨ, ਪਰ ਉਹ ਆਪਣੀ ਆਉਣ ਵਾਲੀ ਪੀੜ੍ਹੀ ਤੋਂ ਬਿਲਕੁਲ ਅਣਜਾਣ ਹੁੰਦੇ ਹਨ। ਉਨ੍ਹਾਂ ਨੂੰ ਵੱਡੀ ਸਮੱਸਿਆ ਪੰਜਾਬੀ ਭਾਸ਼ਾ ਬੋਲਣ ਵਿਚ ਆਉਂਦੀ ਹੈ। ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਚਾਹੁੰਦੇ ਹਨ ਕਿ ਉਨ੍ਹਾਂ ਦੀ ਪੀੜ੍ਹੀ ਵੀ ਆਪਣੇ ਪੰਜਾਬੀ ਸਭਿਆਚਾਰ ਨੂੰ

ਜਾਣੇ-ਪਹਿਚਾਣੇ, ਆਪਣੀ ਪੰਜਾਬੀ ਬੋਲੀ ਨੂੰ ਪੜ੍ਹਨ, ਸਿੱਖਣ। ਪਰ ਨਵੀਂ ਪੀੜ੍ਹੀ ਵਿਦੇਸ਼ਾਂ ਵਿਚ ਰਹਿ ਕੇ ਆਪਣੇ ਸਭਿਆਚਾਰ ਤੋਂ ਅਵੇਸਲੀ ਹੈ, ਉਹ ਆਪਣੇ ਪੰਜਾਬੀ ਸਭਿਆਚਾਰ ਤੋਂ ਬਿਲਕੁਲ ਅਣਜਾਣ ਹਨ। ਨਵੀਂ ਪੀੜ੍ਹੀ ਪੰਜਾਬੀ ਭਾਸ਼ਾ ਨਾਲੋਂ ਵਿਦੇਸ਼ੀ ਭਾਸ਼ਾ ਜਾਂ ਅੰਗਰੇਜ਼ੀ ਭਾਸ਼ਾ ਬੋਲਣ ਵਿਚ ਵਧੇਰੇ ਰੁਚੀ ਰੱਖਦੇ ਹਨ। ਪਰਵਾਸੀ ਪੰਜਾਬੀ ਉਨ੍ਹਾਂ ਨੂੰ ਆਪਣੀ ਮਾਤ ਬੋਲੀ ਤੇ ਸਭਿਆਚਾਰ ਨਾਲ ਜੋੜਨ ਦੇ ਯਤਨ ਕਰਦੇ ਹਨ, ਪਰ ਉਹ ਇਨ੍ਹਾਂ ਵਿਚ ਅਸਫ਼ਲ ਹਨ, ਜਿਸ ਨਾਲ ਉਨ੍ਹਾਂ ਦੇ ਜੀਵਨ ਇਕ ਵੱਡੀ ਸਮੱਸਿਆ ਹੈ।

ਇਸ ਤਰ੍ਹਾਂ ਪਰਵਾਸੀ ਪੰਜਾਬੀ ਸਾਹਿਤ ਵਿਚ ਕੈਨੇਡੀਅਨ ਪੰਜਾਬੀ ਕਹਾਣੀ ਦਾ ਵਿਸ਼ੇਸ਼ ਸਥਾਨ ਹੈ। ਕੈਨੇਡੀਅਨ ਪੰਜਾਬੀ ਸਾਹਿਤ ਵਿਚ ਬਹੁਤ ਸਾਰੇ ਸਾਹਿਤਕਾਰਾਂ ਨੇ ਪਰਵਾਸ ਵੀ ਧਾਰਨ ਕੀਤਾ ਤੇ ਉਨ੍ਹਾਂ ਨੂੰ ਉੱਥੋਂ ਦੀਆਂ ਪਰਸਥਿਤੀਆ ਦਾ ਸਾਹਮਣਾ ਵੀ ਕਰਨਾ ਪਿਆ। ਪਰਵਾਸੀ ਪੰਜਾਬੀ ਸਾਹਿਤ ਵਿਚ ਬਹੁਤ ਸਾਰੇ ਲੇਖਕਾਂ, ਕਹਾਣੀਕਾਰਾਂ ਨੇ ਆਪਣਾ ਯੋਗਦਾਨ ਪਾਇਆ ਹੈ, ਜਿਨ੍ਹਾਂ ਦਾ ਵੇਰਵਾ ਉੱਪਰ ਦਿੱਤਾ ਹੈ। ਇਨ੍ਹਾਂ ਸਾਹਿਤਕਾਰਾਂ ਤੋਂ ਇਲਾਵਾ ਹੋਰ ਸਾਹਿਤਕਾਰ ਜਰਨੈਲ ਸਿੰਘ ਸੇਖਾ, ਡਾ.ਸਾਧੂ ਸਿੰਘ, ਅਵਤਾਰ ਰੋਡੇ, ਤਾਰਾ ਸਿੰਘ ਹੇਅਰ ਆਦਿ ਨੇ ਪਰਵਾਸ ਵਿਚ ਹੋ ਰਹੀਆਂ ਸਮੱਸਿਆਵਾਂ ਦੀ ਬੜ੍ਹੀ ਨਿੱਠ ਕੇ ਪ੍ਰੋੜਤਾ ਕੀਤੀ ਹੈ।

## ਹਵਾਲੇ ਟਿੱਪਣੀਆਂ

1. ਅਕਾਲ ਅੰਮ੍ਰਿਤ ਕੌਰ, ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਪੰਨਾ– 60

2. ਉਹੀ, ਪੰਨਾ– 40

3. ਉਹੀ, ਪੰਨਾ– 40

4. ਰਾਜਿੰਦਰ ਸਿੰਘ ਲਾਂਬਾ, ਖੋਜ ਪੱਤ੍ਰਿਕਾ, ਪੰਨਾ – 8

5. ਸੁਰਿੰਦਰਪਾਲ ਸਿੰਘ, ਪਰਵਾਸੀ ਪੰਜਾਬੀ ਸਾਹਿਤ, ਪੰਨਾ-135

6. ਸਰਬਜੀਤ ਕੌਰ, ਰਵਿੰਦਰ ਰਵੀ ਕਾਵਿ, ਸਭਿਆਚਾਰਕ ਤਣਾਉ : ਪਰਵਾਸੀ ਸੰਦਰਭ, ਪੰਨਾ- 34

7. ਉਹੀ, ਪੰਨਾ - 99,100

8. ਅਕਾਲ ਅੰਮ੍ਰਿਤ ਕੌਰ, ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਪੰਨਾ – 44

9. ਉਹੀ, ਪੰਨਾ-45

# ਅਧਿਆਇ - ਤੀਜਾ

# ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ ‘ਕਾਲ਼ੇ ਵਰਕੇ’ ਵਿਚ ਅੰਤਰ – ਰਾਸ਼ਟਰੀ ਮਸਲੇ

**ਜਰਨੈਲ ਸਿੰਘ ਪਰਵਾਸੀ ਪੰਜਾਬੀ ਸਾਹਿਤ ਦਾ ਅਜਿਹਾ ਕਹਾਣੀਕਾਰ ਹੈ, ਜਿਸ ਨੇ ਪਰਵਾਸੀ ਸਾਹਿਤ ਵਿਚ ਪ੍ਰਮੁੱਖ ਕਹਾਣੀਕਾਰ ਵਜੋਂ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ਹੈ। ਜਰਨੈਲ ਸਿੰਘ ਦੇ ਪੰਜਾਬੀ ਸਾਹਿਤ ਵਿਚ ਹੁਣ ਤਕ ਛਪ ਚੁੱਕੇ ਕਹਾਣੀ ਸੰਗ੍ਰਹਿ** – ‘ਮੈਨੂੰ ਕੀ’ (1981), ‘ਮਨੁੱਖ ਤੇ ਮਨੁੱਖ’ (1983), ‘ਸਮੇਂ ਦੇ ਹਾਣੀ’ (1987), ‘ਦੋ ਟਾਪੂ’ (1999), ‘ਟਾਵਰਜ਼’ (2005) ਹਨ। ਜਰਨੈਲ ਸਿੰਘ ਦਾ ਸੰਪਾਦਿਤ ਹੋ ਚੁੱਕਾ ਕਹਾਣੀ ਸੰਗ੍ਰਹਿ ‘ਮੇਪਲ ਦੇ ਰੰਗ’ (ਕੈਨੇਡੀਅਨ ਪੰਜਾਬੀ ਕਹਾਣੀ) ਹੈ। ਇਸ ਤੋਂ ਬਾਅਦ ਵਿਚ ਜਰਨੈਲ ਸਿੰਘ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਕਹਾਣੀ ਸੰਗ੍ਰਹਿ ‘ਕਾਲ਼ੇ ਵਰਕੇ’ ਪਾ ਦਿੱਤਾ ਹੈ। ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ ਦੇ ਵਿਸ਼ਾ-ਵਸਤੂ ਪੱਖੋਂ ਸਭਿਆਚਾਰਕ ਤਣਾਉ, ਨਸਲੀ

ਵਿਤਕਰਾ, ਭੂ - ਹੇਰਵਾ, ਪੀੜ੍ਹੀ ਪਾੜਾ, ਰਿਸ਼ਤਿਆ ਦੀ ਟੁੱਟ - ਭੱਜ, ਆਰਥਿਕਤਾ, ਪੈਸੇ ਦੀ ਲਾਲਸਾ, ਕਿਸਾਨੀ ਸਮੱਸਿਆ, ਰਿਸ਼ਤਿਆਂ ਦਾ ਸੰਤਾਪ ਆਦਿ ਸਮੱਸਿਆਵਾਂ ਨੂੰ ਪ੍ਰਮੁੱਖ ਰੱਖ ਕੇ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਵਿਦੇਸ਼ਾ ਵਿਚ ਰਹਿ ਰਹੇ ਪਰਵਾਸੀ ਪੰਜਾਬੀ ਬਹੁਤ ਸਾਰੀਆਂ ਦਰਪੇਸ਼ ਸਮੱਸਿਆਵਾਂ ਨਾਲ ਜੂਝਦੇ ਹਨ, ਜਿਨ੍ਹਾਂ ਕਰ ਕੇ ਉਹ ਆਪਣੇ ਜੀਵਨ ਨੂੰ ਖੁੱਲ ਕੇ ਮਾਣ ਵੀ ਨਹੀਂ ਸਕਦੇ ਹਨ।

ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿਚ ਵਿਸ਼ਵੀਕਰਨ, ਪਰਵਾਸੀ ਸੰਵੇਦਨਾ ਆਦਿ ਕਹਾਣੀ ਦਾ ਪ੍ਰਮੁੱਖ ਪੱਖ ਹੈ। ਜਰਨੈਲ ਦੀਆਂ ਕਹਾਣੀਆਂ ਵਿਚ ਇਸ ਪੱਖ ਵੱਲੋਂ ਉਸ ਦੇ ਕਹਾਣੀ ਸੰਗ੍ਰਹਿ 'ਟਾਵਰਜ਼' ਦੀ ਕਥਾ - ਸੰਗਠਨ ਤੋਂ ਸ਼ੁਰੂ ਹੁੰਦਾ ਹੋਇਆ ਉਨ੍ਹਾਂ ਦਾ ਪ੍ਰਕਾਸ਼ਿਤ ਹੋਇਆ ਨਵਾਂ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਵੀ ਸਿਖ਼ਰਾਂ ਨੂੰ ਛੂਹ ਰਿਹਾ ਹੈ। ਆਧੁਨਿਕ ਸਮਾਂ ਵਿਸ਼ਵੀਕਰਨ ਦਾ ਦੌਰ ਹੈ। ਵਿਸ਼ਵੀਕਰਨ ਦਾ ਸੰਕਲਪ ਇੱਕ ਵਿਸ਼ੇਸ਼ ਮੁੱਦਾ ਬਣ ਗਿਆ ਹੈ। ਵਿਸ਼ਵੀਕਰਨ ਦਾ ਪ੍ਰਭਾਵ ਹੋਣ ਕਰ ਕੇ ਮਨੁੱਖੀ ਦੀ ਜਗ੍ਹਾਂ ਮਸ਼ੀਨ ਨੇ ਲੈ ਲਈ ਹੈ। ਅੱਜ ਸਮਾਜ ਵਿਚ ਕੋਈ ਵੀ ਅਜਿਹਾ ਸਥਾਨ ਨਹੀਂ ਹੈ, ਜਿੱਥੇ ਵਿਸ਼ਵੀਕਰਨ ਦਾ ਪ੍ਰਭਾਵ ਨਾ ਪੈਂਦਾ ਹੋਵੇ।

**ਵਿਸ਼ਵੀਕਰਨ :-** ਵਿਸ਼ਵੀਕਰਨ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਗਲੋਬਲਾਈਜੇਸ਼ਨ' ਦੇ ਪੰਜਾਬੀ ਅਨੁਵਾਦ ਵਜੋਂ ਪ੍ਰਚਲਿਤ ਹੋਇਆ। ਵਿਸ਼ਵੀਕਰਨ ਦੀ ਪ੍ਰਕਿਰਿਆ ਨੇ 1980 ਤੋਂ ਆਪਣਾ ਪ੍ਰਭਾਵ ਵਧੇਰੇ ਪਾਉਂਣਾ ਸ਼ੁਰੂ ਕਰ ਦਿੱਤਾ ਸੀ। ਵਿਸ਼ਵੀਕਰਨ ਦੀ ਪ੍ਰਕਿਰਿਆ ਤੋਂ ਮਗਰੋਂ ਸਾਰਾ ਸੰਸਾਰ ਹੀ ਇੱਕ ਵਿਸ਼ਵ ਪਿੰਡ ਬਣ ਗਿਆ ਹੈ, ਜਿਸ ਕਰ ਕੇ ਇੱਕ ਦੇਸ਼ ਵਿਚ ਦੂਜੇ ਦੇਸ਼ ਵਿਚ ਦੇ ਲੋਕਾਂ ਦੇ ਆਉਣ - ਜਾਣ ਦੀ ਪ੍ਰਕਿਰਿਆ ਤੇਜ਼ ਹੋ ਗਈ। ਇੱਕ ਦੇਸ਼ ਦੇ ਲੋਕ ਦੂਜੇ ਦੇਸ਼ ਵਿਚ ਆਸਾਨੀ ਨਾਲ ਵਪਾਰੀਕਰਨ ਜਾਂ ਮੰਡੀਕਰਨ ਕਰ ਰਹੇ ਹਨ। ਵਿਸ਼ਵੀਕਰਨ ਅਜਿਹਾ ਬਹੁ-ਚਰਚਿਤ ਵਰਤਾਰਾ ਹੈ, ਜਿਸ ਨੇ ਮਨੁੱਖੀ ਜੀਵਨ ਦੇ ਹਰ ਇੱਕ ਖ਼ਿੱਤੇ ਵਿਚ ਜਿਵੇਂ ਖੇਤੀਬਾੜੀ, ਸਿੱਖਿਆ, ਸੂਚਨਾ ਸੰਚਾਰ, ਟੈਕਨਾਲੋਜੀ ਤੇ ਤਕਨੀਕ, ਉਦਯੋਗ, ਸਿਹਤ, ਵਪਾਰ ਆਦਿ ਨੂੰ ਪ੍ਰਭਾਵਿਤ ਕੀਤਾ ਹੈ। ਵਿਸ਼ਵੀਕਰਨ ਦਾ ਦੌਰ ਸਮਾਜ ਵਿਚ ਹਰ ਪਾਸੇ ਆਪਣੀ ਪਕੜ ਮਜ਼ਬੂਤ ਕਰ ਰਿਹਾ ਹੈ। ਵਿਸ਼ਵੀਕਰਨ ਦੇ ਸੰਬੰਧ ਵਿਚ ਦਿੱਤੀਆਂ ਪਰਿਭਾਸ਼ਾਵਾਂ ਹਨ:-

ਕੋਸ਼ਗਤ ਅਰਥਾਂ ਅਨੁਸਾਰ :- "ਵਿਸ਼ਵੀਕਰਨ ਤੋਂ ਭਾਵ ਵਸਤਾਂ, ਪੂੰਜੀ, ਮਨੁੱਖੀ ਕਿਰਤ ਅਤੇ ਚਿੰਨ੍ਹਾਂ (ਇਮੇਜਜ਼) ਦਾ ਵਿਸ਼ਵ - ਵਿਆਪੀ ਅਦਾਨ - ਪ੍ਰਦਾਨ ਹੈ।"[1]

ਟੈਰੀ ਈਗਲਟਨ ਅਨੁਸਾਰ :- "ਉਤਰ - ਆਧੁਨਿਕਵਾਦ ਦੇ ਕਈ ਸਰੋਤ ਹਨ ਜਿਨ੍ਹਾਂ ਵਿਚ ਆਧੁਨਿਕਵਾਦ, ਕਥਿਤ ਉਤਰ-ਉਦਯੋਗਵਾਦ, ਕੁੱਝ ਨਵੀਆਂ ਜੀਵੰਤ ਰਾਜਨੀਤਿਕ ਸ਼ਕਤੀਆਂ ਦਾ ਉਭਾਰ, ਸਭਿਆਚਾਰਕ ਨਵੇਂਪਣ ਦਾ ਆਗੂ ਹੋਣ ਦੀ ਚਾਹਤ, ਜਿਨਸੀਕ੍ਰਿਤ ਢੰਗ-ਤਰੀਕਿਆਂ ਦੀ ਸਭਿਆਚਾਰਕ ਜ਼ਿੰਦਗੀ ਵਿਚ ਘੁਸਪੈਠ, ਕਲਾ ਵਾਸਤੇ ਖੁਦਮੁਖਤਾਰੀ ਵਾਲੀ ਸਪੇਸ ਦਾ ਸੁੰਗੇੜ ਅਤੇ ਕੁੱਝ ਕਲਾਸੀਕਲ ਬੁਰਜੁਆ ਵਿਚਾਰਧਾਰਾਵਾਂ ਦੀ ਹਾਰੀ - ਹੰਭੀ ਅਵਸਥਾ ਵਰਗੇ ਕਾਰਨ ਸ਼ਾਮਲ ਹਨ।"[2]

ਇਸ ਤਰ੍ਹਾਂ ਵਿਸ਼ਵ ਵਿਚ ਵਿਸ਼ਵੀਕਰਨ ਤੇ ਖਪਤ ਸਭਿਆਚਾਰ ਨੇ ਵਸਤੂ ਤੇ ਦ੍ਰਿਸ਼ਟੀ ਵਿਚਕਾਰ ਦਵੰਦਾਤਮਿਕ ਸੰਬੰਧ ਸਥਾਪਿਤ ਕਰ ਦਿੱਤਾ ਹੈ। ਅਜੋਕੇ ਸਮੇਂ ਵਿਚ ਮਨੁੱਖ ਦੀ ਮੌਲਿਕਤਾ ਤੇ ਨੈਤਿਕਤਾ ਦਾ ਕੋਈ ਵੀ ਮੁੱਲ ਜਾਂ ਅਰਥ ਨਹੀਂ ਰਹਿ ਗਿਆ ਹੈ। ਅਜੋਕਾ ਦੌਰ ਮਸ਼ੀਨੀ ਦੌਰ ਹੋਣ ਕਰ ਕੇ ਮਨੁੱਖ ਆਪਣੀ ਮੌਲਿਕਤਾ ਤੇ ਨੈਤਿਕਤਾ ਤੋਂ ਦੂਰ ਹੋ ਰਿਹਾ ਹੈ। ਮਨੁੱਖ ਦੀ ਇਨ੍ਹਾਂ ਮੁੱਲਾਂ ਤੋਂ ਵਾਂਝਾ ਹੋਣ ਕਰ ਕੇ ਉਨ੍ਹਾਂ ਦੀ ਦ੍ਰਿਸ਼ਟੀ ਤੇ ਮਨੋਦਸ਼ਾ ਮਾੜੀ ਹੋ ਗਈ ਹੈ। ਜਿਸ ਕਰ ਕੇ ਮਨੁੱਖ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪਰਵਾਸ ਧਾਰਨ ਕਰਨ ਉਪਰੰਤ ਪੰਜਾਬੀਆਂ ਨੂੰ ਆਰਥਿਕ ਖ਼ੁਸ਼ਹਾਲੀ, ਸਮਾਜਿਕ ਸੁਤੰਤਰਤਾ ਤੇ ਮਨੋਵਿਗਿਆਨਕ ਦੀ ਹੀਣਤਾ ਤੋਂ ਆਜ਼ਾਦੀ ਪ੍ਰਾਪਤ ਹੋ ਗਈ ਹੈ, ਪਰ ਦੂਜੇ ਪਾਸੇ ਸਮਾਜ ਵਿਚ ਸਭਿਆਚਾਰਕ, ਧਾਰਮਿਕ ਤੇ ਪੀੜ੍ਹੀ ਪਾੜੇ ਆਦਿ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

### 3.1 ਸਭਿਆਚਾਰਕ ਤਣਾਅ

ਸਭਿਆਚਾਰ ਹਰ ਇੱਕ ਦੇਸ਼ ਜਾਂ ਕੌਮ ਦਾ ਅਨਿੱਖੜਵਾਂ ਅੰਗ ਹੁੰਦੇ ਹਨ। ਹਰ ਸਮਾਜ ਦਾ ਆਪਣਾ ਸਭਿਆਚਾਰ ਹੁੰਦਾ ਹੈ, ਜਿਸ ਵਿਚ ਹਰ ਇੱਕ ਮਨੁੱਖ ਦਾ ਜੀਵਨ ਵਿਚਰਦਾ ਹੈ। ਸਭਿਆਚਾਰ ਦੁਆਰਾ ਹੀ ਮਨੁੱਖ ਦੀ ਆਪਣੀ

ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ। ਸਭਿਆਚਾਰ ਹੀ ਕਿਸੇ ਸਮਾਜ ਦਾ ਸਰਮਾਇਆ ਹੁੰਦਾ ਹੈ, ਜਿਸ ਦੁਆਰਾ ਕਿਸੇ ਵੀ ਦੇਸ਼ ਦੀ ਸ਼ਨਾਖ਼ਤ ਬਾਰੇ ਜਾਣਿਆ ਜਾ ਸਕਦਾ ਹੈ। ਹਰ ਇੱਕ ਸਮਾਜ ਦਾ ਆਪਣਾ ਖਾਣ-ਪੀਣ, ਰਹਿਣ-ਸਹਿਣ, ਪਹਿਰਾਵਾ, ਰੀਤੀ-ਰਿਵਾਜ, ਕੰਮ-ਧੰਦਾ, ਭਾਸ਼ਾ ਆਦਿ ਹੁੰਦਾ ਹੈ। ਮਨੁੱਖ ਸਮਾਜ ਵਿਚ ਰਹਿੰਦਿਆਂ ਬਹੁਤ ਸਾਰੀਆਂ ਪਰਿਸਥਿਤੀਆਂ ਵਿਚੋਂ ਗੁਜ਼ਰਦਾ ਹੈ, ਜਿਸ ਅਨੁਸਾਰ ਮਨੁੱਖ ਆਪਣੇ ਆਪ ਨੂੰ ਸਮਾਜ ਅਨੁਸਾਰ ਢਾਲਦਾ ਹੈ ਜਾਂ ਸਮਾਜ ਨੂੰ ਆਪਣੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਜਦੋਂ ਮਨੁੱਖ ਆਪਣੇ ਸ਼ਹਿਰ ਤੋਂ ਬਾਹਰ ਜਾ ਦੇਸ਼ ਤੋਂ ਬਾਹਰ ਜਾਂਦਾ ਹੈ ਤਾਂ ਉਹ ਉਸ ਸਮੇਂ ਵੀ ਆਪਣੇ ਸਭਿਆਚਾਰ ਨਾਲ ਜੁੜਿਆ ਹੁੰਦਾ ਹੈ, ਜਿਸ ਕਰ ਕੇ ਮਨੁੱਖ ਆਪਣੇ ਸਭਿਆਚਾਰ ਤੇ ਦੂਜੇ ਸਭਿਆਚਾਰ ਦੀ ਦੋਹਰੀ ਸਥਿਤੀ ਵਿਚ ਫਸ ਜਾਂਦਾ ਹੈ। ਇੱਕ ਪਾਸੇ ਤਾਂ ਮਨੁੱਖ ਨੂੰ ਆਪਣੇ ਸਭਿਆਚਾਰ ਦੇ ਗੁੰਮ ਹੋਣ ਦਾ ਡਰ ਰਹਿੰਦਾ ਹੈ ਤੇ ਦੂਜੇ ਪਾਸੇ ਉਹ ਨਵੇਂ ਮਾਹੌਲ ਵਿਚ ਵਿਚਰਨ ਤੇ ਮਿਲਣ-ਜੁਲਣ ਲਈ ਵਧੇਰੇ ਉਤਾਵਲਾ ਰਹਿੰਦਾ ਹੈ। ਜਿਸ ਕਾਰਨ ਮਨੁੱਖ ਨੂੰ ਆਪਣਾ ਸਭਿਆਚਾਰ ਦੀ ਯਾਦ ਆਉਂਦੀ ਹੈ, ਜਿਸ ਕਰ ਕੇ ਅਜਿਹੀ ਸਥਿਤੀ ਵਿਚ ਮਨੁੱਖ ਤਣਾਉ ਦਾ ਵਧੇਰੇ ਸ਼ਿਕਾਰ ਹੋ ਜਾਂਦਾ ਹੈ।

ਇਸ ਤਰ੍ਹਾਂ ਸਭਿਆਚਾਰਕ ਤਣਾਅ ਦਾ ਜਟਿਲ ਵਰਤਾਰਾ ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਬੜੀ ਬਾਖ਼ੂਬੀ ਢੰਗ ਨਾਲ ਪੇਸ਼ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹੈ।

ਕਹਾਣੀਕਾਰ ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਪਹਿਲੀ ਕਹਾਣੀ 'ਹੜ੍ਹ' ਵਿਚ ਮੁੱਖ ਪਾਤਰ ਸੁਖਪਾਲ ਹੈ। ਸੁਖਪਾਲ ਦੇ ਜੀਵਨ ਵਿਚ ਪਰਵਾਸ ਧਾਰਨ ਕਰ ਉਪਰੰਤ ਤੇ ਪੂੰਜੀਵਾਦ ਦਾ ਪ੍ਰਭਾਵ ਵਧੇਰੇ ਹੋਣ ਕਾਰਨ ਸਭਿਆਚਾਰ, ਸਮਾਜ ਤੇ ਪਰਿਵਾਰਾਂ ਵਿਚ ਤਣਾਅ ਪੈਂਦਾ ਹੁੰਦਾ ਹੈ। ਪੂੰਜੀਵਾਦ ਦਾ ਦੌਰ ਹੋਣ ਕਾਰਨ ਦੋ ਅਲੱਗ-ਅਲੱਗ ਸਭਿਆਚਾਰ ਦੇ ਲੋਕਾਂ ਵਿਚ ਆਪਸੀ ਟਕਰਾਅ ਦੀ ਪਰਸਥਿਤੀ ਬਣ ਜਾਂਦੀ ਹੈ। ਪੰਜਾਬੀ ਸਭਿਆਚਾਰ ਦਾ ਮਨੁੱਖ ਆਪਣੇ ਤਰੀਕੇ ਨਾਲ ਤੇ ਦੂਜਾ ਭਾਵ ਪੱਛਮੀ ਸਭਿਆਚਾਰ ਦਾ ਮਨੁੱਖ ਆਪਣੇ ਸਭਿਆਚਾਰ ਅਨੁਸਾਰ ਆਪਣਾ ਜੀਵਨ ਜਿਊਂਣਾ ਚਾਹੁੰਦੇ ਹਨ। ਪਰਵਾਸੀ ਪੰਜਾਬੀ ਪਰਵਾਸ ਧਾਰਨ ਕਰਨ ਉਪਰੰਤ ਵੀ ਆਪਣੇ ਸਭਿਆਚਾਰ, ਆਪਣੀਆਂ ਜ਼ਿੰਮੇਵਾਰੀਆਂ ਵਿਚ ਬੱਝਿਆ ਹੁੰਦਾ ਹੈ, ਜਿਸ ਕਰ ਕੇ ਦੋਵਾਂ ਸਭਿਆਚਾਰ ਵਿਚ ਤਣਾਅ ਵਧਦਾ ਜਾਂਦਾ ਹੈ। ਉਦਾਹਰਨ ਵਜੋਂ

"ਪੌਲ ! ਪੰਜ ਦਿਨ ਦੀ ਹੱਡ-ਤੋੜਵੀਂ ਮਿਹਨਤ ਬਾਅਦ ਮਸਾਂ ਹੀ ਤਾਂ ਵੀਕ-ਐਂਡ ਆਉਂਦੈ । ਆਪਾਂ ਕਿਤੇ ਘੁੰਮਣ-ਫਿਰਨ ਜਾਣਾ ਹੁੰਦੈ, ਕੋਈ ਫ਼ੰਨ ਕਰਨਾ ਹੁੰਦੈ।"

"ਡਾਰਲਿੰਗ ! ਮੈਨੂੰ ਤੇਰੀਆਂ ਇਛਾਵਾਂ ਦਾ ਪਤੈ ਪਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਵੀ ਜ਼ਰੂਰੀ ਨੇ। ਮੈਨੂੰ ਡੇਢ ਕੁ ਸਾਲ ਏਦਾਂ ਲਾ ਲੈਣ ਦੇ। ਪਿੰਡ ਕੋਠੀ ਬਣ ਜਾਏ, ਨੀਨੂੰ ਦਾ ਵਿਆਹ ਹੋ ਜਾਏ ਤੇ ਜਿੰਦਰ ਮਾਂ-ਪਿਉ ਦੀ ਜ਼ਿੰਮੇਵਾਰੀ ਚੁੱਕ ਲਵੇ। ਫਿਰ ਆਪਾਂ ਰੱਜ ਕੇ ਫ਼ੰਨ ਕਰਾਂਗੇ।" ਸੁਖਪਾਲ ਸਕੀਮਾਂ 'ਚ ਖੁੱਭਿਆ ਹੋਇਆ ਸੀ।

"ਮਾਈ ਗੁੱਡਨੈੱਸ।" ਹੈਰਾਨਗੀ 'ਚ ਅੱਖਾਂ ਟੱਡਦੀ ਐਰਿਕਾ ਚੀਖੀ, "ਡੇਢ ਸਾਲ ਲੰਮੀ ਨੀਰਸ ਜ਼ਿੰਦਗੀ। ਨੋ ਪੌਲ ਨੋ ! ਤੈਥੋਂ ਬਿਨਾਂ ਮੇਰੇ ਵੀਕ-ਐਂਡ ਬਰਬਾਦ ਹੋ ਜਾਣਗੇ। ਜ਼ਿੰਦਗੀ ਦਾ ਲੁਤਫ਼ ਖ਼ਤਮ ਹੋ ਜਾਏਗਾ।"

"ਜਦੋਂ ਮੈਂ ਤੇਰੇ ਵਾਸਤੇ ਦਿਨ-ਰਾਤ ਇਕ ਕੀਤਾ, ਉਦੋਂ ਤਾਂ ਤੂੰ ਵੀਕ-ਐਂਡ ਬਰਬਾਦ ਹੋਣ ਦੀ ਕਦੀ ਕੋਈ ਸ਼ਿਕਾਇਤ ਨਹੀਂ ਸੀ ਕੀਤੀ।" ਸੁਖਪਾਲ ਤੱਤਾ ਹੋ ਗਿਆ।

"ਉਹ ਆਪਣੀ ਬਿਜ਼ਨਿਸ ਦੀ ਸ਼ੁਰੂਆਤ ਸੀ। ਸੰਘਰਸ਼ ਜ਼ਰੂਰੀ ਸੀ। ਹੁਣ ਜਦੋਂ ਆਪਾਂ ਐਸਟੈਬਲਿਸ਼ ਹੋ ਗਏ ਹਾਂ ਤੇ ਸਾਡਾ ਰਿਲੈਕਸ ਕਰਨ ਦਾ ਸਮਾਂ ਆਇਆ, ਤੂੰ ਹੋਰਨਾਂ ਦਾ ਬੋਝ ਸਿਰ 'ਤੇ ਚੁੱਕ ਲਿਆ।" ਐਰਿਕਾ ਦੀ ਝੁੰਜਲਾਹਟ ਸੰਘਣੀ ਹੁੰਦੀ ਜਾ ਰਹੀ ਸੀ।

ਸੁਖਪਾਲ ਐਰਿਕਾ ਦੀਆਂ ਰੁਚੀਆਂ ਤੋਂ ਜਾਣੂ ਤਾਂ ਸੀ ਪਰ ਉਸ ਨੂੰ ਇਹ ਵੀ ਆਸ ਵੀ ਸੀ ਕਿ ਉਹ ਉਸ ਦਾ ਮਾਣ ਰੱਖੇਗੀ, ਸਹਿਯੋਗ ਦੇਵੇਗੀ। ਤੇ ਸਹਿਯੋਗ ਨਾ ਮਿਲ਼ਦਾ ਦੇਖ ਕੇ ਉਸ ਅੰਦਰ ਖ਼ੁੱਦਾਰੀ ਉੱਭਰ ਪਈ। ਆਪਣੀ ਵਿਉਂਤ ਪ੍ਰਤੀ ਦ੍ਰਿੜ ਹੁੰਦਾ ਉਹ ਬੋਲਿਆ, "ਤੇਰੇ ਲਈ ਹੋਰ ਨੇ ਪਰ ਮੇਰੇ ਲਈ ਉਹ ਆਪਣੇ ਹਨ, ਖਾਸ ਆਪਣੇ। ਤੇ ਉਨ੍ਹਾਂ ਨੂੰ ਕੰਢੇ ਲਾਉਣਾ ਮੇਰਾ ਫ਼ਰਜ਼ ਐ।"[3]

ਇਸ ਤਰ੍ਹਾਂ 'ਹੜ੍ਹ' ਕਹਾਣੀ ਵਿਚ ਸੁਖਪਾਲ ਤੇ ਐਰਿਕਾ ਦੋ ਵੱਖਰੇ ਸਭਿਆਚਾਰ ਦੇ ਹੋਣ ਕਾਰਨ ਉਨ੍ਹਾਂ ਵਿਚਕਾਰ ਸਭਿਆਚਾਰਕ ਤਣਾਅ ਉੱਭਰ ਕੇ ਸਾਹਮਣੇ ਆਉਂਦਾ ਹੈ, ਕਿਉਂਕਿ ਐਰਿਕਾ ਪੱਛਮੀ ਸਭਿਆਚਾਰ ਅਨੁਸਾਰ ਜੰਮੀ-ਪਲ਼ੀ ਹੈ

ਤੇ ਸੁਖਪਾਲ ਪੰਜਾਬੀ ਸਭਿਆਚਾਰ ਨਾਲ ਜੁੜੀ ਹੋਈ ਸ਼ਖ਼ਸੀਅਤ ਹੈ। ਇਸ ਤਰ੍ਹਾਂ ਇਨ੍ਹਾਂ ਦੋਵਾਂ ਪਾਤਰਾਂ ਵਿਚ ਸਭਿਆਚਾਰਕ ਤਣਾਉ ਦੀ ਸਥਿਤੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ। ਜਦੋਂ ਐਰਿਕਾ ਸੁਖਪਾਲ ਨੂੰ ਵੀਕ-ਐਂਡ ਤੇ ਘੁੰਮਣ ਜਾਣ ਲਈ ਕਹਿੰਦੀ ਹੈ ਤਾਂ ਸੁਖਪਾਲ ਉਸ ਨੂੰ ਟਾਲ ਦਿੰਦਾ ਹੈ, ਤੇ ਉਹ ਪੈਸੇ ਕਮਾ ਕੇ ਆਪਣੇ ਪਰਿਵਾਰ ਨੂੰ ਭੇਜਣਾ ਚਾਹੁੰਦਾ ਹੈ, ਜੋ ਐਰਿਕਾ ਨੂੰ ਚੰਗਾ ਨਹੀਂ ਲੱਗਦਾ ਕਿਉਂਕਿ ਉਹ ਇਹ ਸਮਾਂ ਸੁਖਪਾਲ ਨਾਲ ਬਿਤਾਉਣਾ ਚਾਹੁੰਦੀ ਹੈ, ਜਿਸ ਕਰ ਕੇ ਦੋਵਾਂ ਵਿਚ ਆਪਸੀ ਤਣਾਉ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਇਹੋ ਜਿਹੀ ਸਥਿਤੀ ਵਿਚ ਹੀ ਰਿਸ਼ਤੇ ਟੁੱਟ ਜਾਂਦੇ ਹਨ।

### 3.2 ਨਸਲਵਾਦ

ਨਸਲਵਾਦ ਇੱਕ ਅਜਿਹੀ ਅੰਤਰ-ਰਾਸ਼ਟਰੀ ਸਮੱਸਿਆ ਹੈ ਜੋ ਕਿ ਵਿਸ਼ਵ ਦੇ ਹਰ ਇੱਕ ਖੇਤਰ ਵਿਚ ਫ਼ੈਲੀ ਹੋਈ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਅੱਜ ਸਾਰਾ ਵਿਸ਼ਵ ਇੱਕ ਪਿੰਡ ਬਣ ਗਿਆ ਹੈ ਤੇ ਨਸਲਵਾਦ ਦੀ ਸਮੱਸਿਆ ਬਹੁਤ ਘੱਟ ਰਹੀ ਹੈ, ਜਿਸ ਕਰ ਕੇ ਇੱਕ ਦੇਸ਼ ਤੋਂ ਦੂਜੇ ਦੇਸ਼ ਵਿਚ ਵੀ ਦੂਰੀਆਂ ਬਹੁਤ ਘੱਟ ਗਈਆਂ ਹਨ। ਨਸਲਵਾਦ ਦੀ ਸਮੱਸਿਆ ਕਿਸੇ ਇੱਕ ਦੇਸ਼ ਵਿਚ ਹੀ ਨਹੀਂ ਸਗੋਂ ਇਹ ਸਮੱਸਿਆ ਪੂਰੇ ਵਿਸ਼ਵ ਵਿਚ ਫ਼ੈਲੀ ਹੋਈ ਹੈ। ਪਰ ਨਸਲਵਾਦ ਦੀ ਸਮੱਸਿਆ ਹਰ ਇੱਕ ਪਰਵਾਸੀ ਪੰਜਾਬੀ ਲਈ ਮੁੱਢਲੇ ਸਮੇਂ ਤੋਂ ਹੀ ਇੱਕ ਸਮੱਸਿਅਕ ਵਰਤਾਰਾ ਬਣੀ ਹੋਈ ਹੈ। ਜਿਸ ਕਰ ਕੇ ਇਹ ਅੱਜ ਗੰਭੀਰ ਮਸਲਾ ਵੀ ਬਣ ਗਿਆ ਹੈ। ਪਰਵਾਸੀ ਪੰਜਾਬੀਆਂ ਨੇ ਜਦੋਂ ਤੋਂ ਪਰਵਾਸ ਧਾਰਨ ਕੀਤਾ ਹੋਇਆ ਹੈ, ਉਨ੍ਹਾਂ ਨਾਲ ਮੁੱਢ ਤੋਂ ਹੀ ਨਸਲੀ ਵਿਤਕਰਾ ਹੋ ਰਿਹਾ ਹੈ। ਉਨ੍ਹਾਂ ਨਾਲ ਰੰਗ, ਰੂਪ, ਨਸਲ ਪੱਖੋਂ ਭੇਦ-ਭਾਵ ਜਾਂ ਵਿਤਕਰਾ ਹੋ ਰਿਹਾ ਹੈ। ਜਦੋਂ ਉਨ੍ਹਾਂ ਲੋਕਾਂ ਨਾਲ ਅਜਿਹਾ ਭੇਦ-ਭਾਵ ਹੁੰਦਾ ਹੈ ਤਾਂ ਉਹ ਉਸ ਦੇਸ਼ ਵਿਚ ਆਪਣੇ ਆਪ ਨੂੰ ਬੇਗਾਨਾ ਤੇ ਇਕੱਲਾ ਮਹਿਸੂਸ ਕਰਦੇ ਹਨ ਤੇ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਵਧੇਰੇ ਹੁੰਦਾ ਹੈ। ਪਰਵਾਸੀ ਪੰਜਾਬੀਆਂ ਨੂੰ ਨਸਲੀ ਵਿਤਕਰੇ ਕਰ ਕੇ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਉਨ੍ਹਾਂ ਨੂੰ ਉਸ ਸਮੇਂ ਆਪਣਾ ਸਭਿਆਚਾਰ ਯਾਦ ਆਉਂਦਾ ਹੈ।

ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਸਥਾਪਿਤ ਕਹਾਣੀ 'ਕਾਲ਼ੇ ਵਰਕੇ' ਵਿਚ ਵੀ ਨਸਲਵਾਦ ਦੀ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ। ਜਰਨੈਲ ਸਿੰਘ ਨੇ ਕੈਨੇਡਾ ਵਿਚ ਵੱਸਦੇ ਪੰਜਾਬੀ ਪਰਵਾਸੀਆਂ ਦੀ ਇਸ ਸਮੱਸਿਆ

ਬਾਰੇ ਦੱਸਿਆ ਹੈ ਕਿ ਪਰਵਾਸੀ ਪੰਜਾਬੀਆਂ ਲਈ ਨਸਲਵਾਦੀ ਸਮੱਸਿਆ ਇੱਕ ਗੰਭੀਰ ਮਸਲਾ ਬਣ ਚੁੱਕਾ ਹੈ, ਜਿਸ ਕਰ ਕੇ ਉਨ੍ਹਾਂ ਨਾਲ ਰੰਗ, ਰੂਪ ਤੇ ਨਸਲ ਪੱਖੋਂ ਭੇਦ-ਭਾਵ ਕੀਤਾ ਜਾ ਰਿਹਾ ਹੈ। ਨਸਲਵਾਦ ਦੀ ਸਮੱਸਿਆ ਕੋਹੜ ਵਾਂਗ ਪੱਛਮੀ ਦੇਸ਼ਾਂ ਵਿਚ ਪਰਵਾਸੀ ਲੋਕਾਂ ਦਾ ਦਮਨ ਕਰ ਰਹੀ ਹੈ। ਨਸਲਵਾਦ ਦੀ ਸਮੱਸਿਆ ਸਿਰਫ਼ ਪੱਛਮੀ ਦੇਸ਼ਾਂ ਵਿਚ ਹੀ ਨਹੀਂ ਸਗੋਂ ਨਸਲਵਾਦ ਦੀ ਸਮੱਸਿਆ ਪੂਰਬੀ ਦੇਸ਼ਾਂ ਵਿਚ ਵੀ ਪਾਈ ਜਾਂਦੀ ਹੈ। ਪੱਛਮੀ ਦੇਸ਼ਾਂ ਵਾਂਗ ਪੂਰਬੀ ਦੇਸ਼ਾਂ ਵਿਚ ਵੀ ਰੰਗ - ਰੂਪ, ਨਸਲ ਤੇ ਜਾਤ ਪੱਖੋਂ ਬੁਰਾ ਵਿਵਹਾਰ ਕੀਤਾ ਜਾਂਦਾ ਹੈ। ਨਸਲਵਾਦ ਦੀ ਸਮੱਸਿਆ ਨੂੰ ਕਹਾਣੀਕਾਰ ਨੇ ਕਹਾਣੀ ਵਿਚ ਬਾਖ਼ੂਬੀ ਢੰਗ ਨਾਲ ਇਸ ਤਰ੍ਹਾਂ ਪੇਸ਼ ਕੀਤਾ ਹੈ।

"ਕਲੈਰਾ ਮੂਹਰੇ ਬੌਣਾ ਨਾ ਬਣਨ ਦੀ ਸਕੀਮ ਤਾਂ ਉਸਨੇ ਸੋਚ ਲਈ ਸੀ ਪਰ ਬੌਣੇਪਨ ਦੇ ਲਕਬ ਨੂੰ ਆਪਣੇ ਨਾਲ਼ੋਂ ਲਾਹ ਸੁੱਟਣ ਦੀ ਉਸ ਕੋਲ਼ ਕੋਈ ਵਿਉਂਤ ਨਹੀਂ ਸੀ। ਇਹ ਲਕਬ ਤਾਂ ਗੋਰਿਆਂ ਨੇ ਨੇਟਿਵਾਂ ਦੀ ਹੋਂਦ-ਹਸਤੀ ਵਿਚ ਖੁਣ ਦਿੱਤਾ ਹੋਇਆ ਸੀ.......ਉਸਦੀ ਜੌਬ 'ਤੇ ਜੋਸਿਫ ਨਾਂ ਦਾ ਗੋਰਾ ਉਸਨੂੰ ਜੰਗਲ਼ੀ, ਅਸੱਭਿਅਕ ਤੇ ਬੌਣਾ ਵਰਗੇ ਸੰਬੋਧਨਾਂ ਨਾਲ਼ ਛੁਟਿਆਉਂਦਾ ਰਹਿੰਦਾ। ਇਹ ਲਫਜ਼ ਉਸਦੇ ਦਿਲ 'ਤੇ ਤੇਜਾਬ ਦੇ ਛਿੱਟਿਆਂ ਵਾਂਗ ਪੈਂਦੇ ਪਰ ਉਹ ਸਬਰ ਕਰ ਲੈਂਦਾ। ਪ੍ਰੰਤੂ ਇੱਕ ਦਿਨ ਉਸਦਾ ਸਬਰ ਜਵਾਬ ਦੇ ਗਿਆ। "ਅਸੱਭਿਅਕ ਤੇ ਬੌਣਾ ਮੈਂ ਨਹੀਂ ਤੂੰ ਹੈਂ।" ਮਾਈਕਲ ਨੇ ਉਸਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ।

"ਉਹ ਕਿਵੇਂ ?"

"ਜੇ ਤੂੰ ਸੱਭਿਅਕ ਤੇ ਉੱਚਾ ਹੋਵੇਂ, ਮੈਨੂੰ ਇਸ ਤਰ੍ਹਾਂ ਦੇ ਮੰਦੇ ਬੋਲ ਨਾ ਬੋਲੇਂ।"

"ਤੂੰ ਹੈ ਹੀ ਇਸ ਲਾਇਕ।"[4]

ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਨਸਲਵਾਦ ਦੀ ਸਮੱਸਿਆ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਇਸ ਕਹਾਣੀ ਦਾ ਮੁੱਖ ਪਾਤਰ ਮਾਈਕਲ ਹੈ। ਮਾਈਕਲ ਦੀ ਕੈਨੇਡਾ ਸਥਿਤ ਰੈਜ਼ਿਡੈਂਸ਼ੀਅਲ ਸਕੂਲ ਵਿਚ ਉਸ ਨਾਲ ਹੋ ਰਹੀਆਂ ਬਦਸਲੂਕੀ ਤੇ ਬੇਇਨਸਾਫ਼ੀਆਂ ਕਾਰਨ ਕਾਉਂਸਲਿੰਗ ਹੋ ਰਹੀ ਹੈ। ਕਹਾਣੀ ਵਿਚ ਗੁਰਬਾਜ਼ ਵੱਲੋਂ ਹੋ ਰਹੀ

ਕਾਊਂਸਲਿੰਗ ਵਿਚ ਮਾਈਕਲ ਨੇ ਦੱਸਿਆ ਹੈ ਕਿ ਉਹ ਜਿੱਥੇ ਜੌਬ ਕਰ ਰਿਹਾ ਸੀ ਉੱਥੇ ਜੋਸਿਫ਼ ਨਾਂ ਦਾ ਗੋਰਾ ਰਹਿੰਦਾ ਸੀ, ਜੋ ਉਸ ਨਾਲ ਹਮੇਸ਼ਾ ਬਦਸਲੂਕੀ ਕਰਦਾ ਰਹਿੰਦਾ ਸੀ ਤੇ ਉਸ ਨੂੰ ਹਮੇਸ਼ਾ ਬੌਣਾ, ਅਸੱਭਿਅਕ ਆਖ ਕੇ ਜ਼ਲੀਲ ਕਰਦਾ ਸੀ। ਉਹ ਦੱਸਦਾ ਹੈ ਕਿ ਜਿੱਥੇ ਉਹ ਜੌਬ ਕਰ ਰਿਹਾ ਸੀ, ਉੱਥੇ ਤਿੰਨ ਕੁ ਨੇਟਿਵ ਹੀ ਸਨ ਤੇ ਬਾਕੀ ਸਭ ਗੋਰੇ ਸਨ। ਉੱਥੇ ਜ਼ਿਆਦਾ ਗੋਰਿਆਂ ਦੀ ਗਿਣਤੀ ਹੋਣ ਕਾਰਨ ਮਾਈਕਲ ਹੁਰਾਂ ਨਾਲ ਬਦਸਲੂਕੀਆਂ ਕੀਤੀਆਂ ਜਾਂਦੀਆ ਸਨ ਤੇ ਮਾਈਕਲ ਹਮੇਸ਼ਾ ਸਹਿਣ ਕਰਦਾ ਰਹਿੰਦਾ ਸੀ ਤੇ ਉਨ੍ਹਾਂ ਨਾਲ਼ ਇਸ ਪੱਖੋਂ ਨਸਲੀ ਵਿਤਕਰਾ ਵਧੇਰੇ ਕੀਤਾ ਜਾਂਦਾ ਸੀ ਹਿ ਉਹ ਅਸੱਭਿਅਕ, ਨੀਵਾਂ ਤੇ ਨੇਟਿਵ ਸਨ।

ਇਸ ਤਰ੍ਹਾਂ ਜਰਨੈਲ ਸਿੰਘ ਦੀ ਕਹਾਣੀ ‘ਕਾਲ਼ੇ ਵਰਕੇ’ ਵਿਚ ਨਸਲਵਾਦ ਦੀ ਸਮੱਸਿਆ ਨੂੰ ਬਹੁਤ ਬਾਖ਼ੂਬੀ ਢੰਗ ਨਾਲ ਇਸ ਤਰ੍ਹਾਂ ਪੇਸ਼ ਕੀਤਾ ਹੈ।

“ਸਰ ! ਗੱਲ ਨਿੱਕੀ ਨਹੀਂ ਬਹੁਤ ਵੱਡੀ ਏ। ਜੋਸਿਫ ਨਸਲਵਾਦੀ ਏ। ਇਹ ਮੈਨੂੰ ਅਸੱਭਿਅਕ, ਬੌਣਾ ਅਤੇ ਜੰਗਲੀ ਵਰਗੇ ਲਫਜ਼ਾਂ ਨਾਲ਼ ਅਪਮਾਨਿਤ ਕਰਦਾ ਰਹਿੰਦਾ ਏ। ਹੁਣ ਵੀ ਇਹਨੇ ਮੈਨੂੰ ਇਹੀ ਘਟੀਆ ਲਫਜ਼ ਕਹੇ। ਮੈਂ ਬਥੇਰਾ ਆਖਿਆ ਕਿ ਮੈਨੂੰ ਜਲੀਲ ਨਾ ਕਰ ਪਰ ਇਹ ਹਟਿਆ ਹੀ ਨਹੀਂ ਤੇ ਲੜਾਈ ਸ਼ੁਰੂ ਕਰ ਲਈ।"[5]

ਜਰਨੈਲ ਸਿੰਘ ਨੇ ਇਸ ਸਮੱਸਿਆ ਨੂੰ ਕੈਨੇਡਾ ਵਿਚ ਰਹਿ ਰਹੇ ਪਾਤਰ ਮਾਈਕਲ ਦੁਆਰਾ ਪੇਸ਼ ਕੀਤੀ ਹੈ। ਮਾਈਕਲ ਨੂੰ ਜੋਸਿਫ ਦੁਆਰਾ ਬੋਲੇ ਗਏ ਬੋਲ ਬਹੁਤ ਕੌੜੇ ਲੱਗਦੇ ਹਨ ਤੇ ਉਹ ਮਾਈਕਲ ਨੂੰ ਹਮੇਸ਼ਾ ਹੀ ਨੀਵਾਂ ਤੇ ਅਸੱਭਿਅਕ ਆਖਦਾ ਤੇ ਉਸ ਨੂੰ ਜ਼ਲੀਲ ਕਰਦਾ ਰਹਿੰਦਾ ਹੈ। ਮਾਈਕਲ ਕੰਪਨੀ ਵਿਚ ਗੋਰਿਆਂ ਹੇਠ ਕੰਮ ਕਰਦਾ ਸੀ, ਗੋਰੇ ਜਿਸ ਤਰ੍ਹਾਂ ਵੀ ਉਨ੍ਹਾਂ ਨਾਲ਼ ਬੇਇਨਸਾਫੀ ਕਰਨਾ ਚਾਹੁੰਦੇ ਸਨ ਤਾਂ ਉਹ ਝਿਜਕਦੇ ਨਹੀਂ ਸਨ, ਸਗੋਂ ਉਨ੍ਹਾਂ ਨੂੰ ਬਹੁਤ ਜ਼ਲੀਲ ਕਰਦੇ ਸਨ ਤੇ ਆਪਣੀਆਂ ਮਨ ਆਈਆਂ ਪੁਗਾਉਂਦੇ ਸਨ। ਪਰ ਕੋਈ ਮਨੁੱਖ ਕਦੋਂ ਤਕ ਇੰਨੀਆਂ ਬਦਸਲੂਕੀਆਂ ਸਹਿਣ ਕਰ ਸਕਦਾ ਹੈ ਤੇ ਮਾਈਕਲ ਦਾ ਇਕ ਦਿਨ ਇਨ੍ਹਾਂ ਹੋ ਰਹੀਆਂ ਬੇਇਨਸਾਫੀਆਂ ਤੋਂ ਸਬਰ ਟੁੱਟ ਗਿਆ ਤਾਂ ਉਹ ਆਪਣਾ ਅਪਮਾਨ ਸਹਿਣ ਨਾ ਕਰ ਸਕਿਆ। ਜਿਸ ਕਰਕੇ ਉਸ ਦਾ ਜੋਸਿਫ ਨਾਲ ਝਗੜਾ ਹੋ ਜਾਂਦਾ ਹੈ।

ਕਹਾਣੀਕਾਰ ਨੇ ਕਹਾਣੀ ਵਿਚ ਗੁਰਬਾਜ਼ ਵੱਲੋਂ ਮਾਈਕ ਦੀ ਕੀਤੀ ਜਾ ਰਹੀ ਕਾਊਂਸਲਿੰਗ ਵਿਚ ਗੋਰਿਆਂ ਵੱਲੋਂ ਕੀਤਾ ਜਾ ਰਿਹਾ ਭਾਰਤੀ ਤੇ ਹੋਰ ਦੇਸ਼ਾਂ ਦੇ ਲੋਕਾਂ ਨਾਲ ਨਸਲੀ ਵਿਤਕਰਾ ਜਾਂ ਭੇਦ-ਭਾਵ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ।

ਮਾਈਕਲ ਨੇ ਗੱਲ ਸ਼ੁਰੂ ਕਰ ਲਈ, "ਬਾਜ਼ ! ਮੈਂ ਕਿਤੇ ਪੜ੍ਹਿਆ ਸੀ ਕਿ ਸ਼ੁਰੂ 'ਚ ਜਿਹੜੇ ਭਾਰਤੀ ਏਥੇ ਆਏ, ਉਸ ਸਮੇਂ ਦੀ ਗੋਰਾ ਸਰਕਾਰ ਨੇ ਉਨ੍ਹਾਂ ਨਾਲ਼ ਮਾੜਾ ਵਰਤਾਓ ਕੀਤਾ।"

"ਬਹੁਤ ਮਾੜਾ। ਉਹ ਨਸਲਵਾਦ ਦਾ ਸ਼ਿਕਾਰ ਹੋਏ। ਉਨ੍ਹਾਂ ਨਾਲ ਪੈਰ-ਪੈਰ 'ਤੇ ਵਿਤਕਰਾ ਹੋਇਆ। ਨਾ ਕੋਈ ਸਹੂਲਤ ਨਾ ਕੋਈ ਹੱਕ-ਹਕੂਕ। ਪਰ ਸਾਡੇ ਲੋਕਾਂ ਨੇ ਲੰਮੀ ਲੜਾਈ ਲੜੀ ਹੈ - ਉਦੋਂ ਭਾਰਤ ਇੰਗਲੈਂਡ ਦੀ ਕਾਲੋਨੀ ਸੀ। ਸਾਡੇ ਮੁਢਲੇ ਪਰਵਾਸੀ - ਜਿਨ੍ਹਾਂ ਨੂੰ ਗ਼ਦਰੀ ਬਾਬੇ ਕਿਹਾ ਜਾਂਦੈ - ਭਾਰਤ ਨੂੰ ਆਜ਼ਾਦ ਕਰਵਾਉਣ ਲਈ ਏਥੋਂ ਵਾਪਸ ਚਲੇ ਗਏ। ਕਈ ਫਾਂਸੀਆਂ 'ਤੇ ਚੜ੍ਹ ਗਏ, ਕਈਆਂ ਨੇ ਉਮਰਾਂ ਜਿਹਲਾਂ 'ਚ ਗਾਲ਼ ਦਿੱਤੀਆਂ। ਉਨ੍ਹਾਂ ਤੋਂ ਅਗਲੇ ਭਾਰਤੀ ਕਨੇਡੀਅਨਾਂ ਨੇ ਆਪਣੀ ਆਰਥਿਕ ਮਜ਼ਬੂਤੀ ਅਤੇ ਹੱਕ ਹਾਸਲ ਕਰਨ ਲਈ ਲੰਮੀ ਜੱਦੋਜਹਿਦ ਕੀਤੀ।"

"ਇਹਦਾ ਮਤਲਬ ਗੋਰਿਆਂ ਨੇ ਘੱਟ ਕਿਸੇ ਨਾਲ਼ ਵੀ ਨਹੀਂ ਕੀਤੀ। ਸਾਡੇ ਦੇਸ਼ 'ਚ ਆ ਕੇ ਸਾਡੀਆਂ ਹੀ ਜੜ੍ਹਾਂ ਉਖੇੜ ਦਿੱਤੀਆਂ। ਏਥੇ ਸ਼ੁਰੂ 'ਚ ਆਉਣ ਵਾਲ਼ੇ ਚੀਨਿਆਂ ਤੇ ਜਾਪਾਨੀਆਂ ਨਾਲ਼ ਵੀ ਇਨ੍ਹਾਂ ਨੇ ਧੱਕੇਸ਼ਾਹੀ ਕੀਤੀ।"[6]

ਕਹਾਣੀ 'ਕਾਲ਼ੇ ਵਰਕੇ' ਵਿਚ ਕਹਾਣੀਕਾਰ ਖ਼ੁਦ 'ਮੈਂ' ਪਾਤਰ ਬਣ ਕੇ ਵਿਚਰਦਾ ਹੈ। ਉਹ ਜਦੋਂ ਮਾਈਕਲ ਨਾਲ ਕਾਊਂਸਲਿੰਗ ਕਰ ਰਿਹਾ ਹੁੰਦਾ ਹੈ ਤਾਂ ਮਾਈਕਲ ਵੀ ਗੁਰਬਾਜ਼ ਨਾਲ ਨਸਲਵਾਦੀ ਸਮੱਸਿਆ ਬਾਰੇ ਖੁੱਲ ਕੇ ਗੱਲ ਬਾਤ ਕਰਦਾ ਹੈ ਕਿ ਕਿਸ ਤਰ੍ਹਾਂ ਗੋਰਿਆ ਜਾਂ ਗੋਰਿਆਂ ਦੀ ਸਰਕਾਰ ਨੇ ਭਾਰਤੀ ਤੇ ਹੋਰ ਦੇਸ਼ਾਂ ਦੇ ਪਰਵਾਸੀਆਂ ਨਾਲ ਭੇਦ-ਭਾਵ ਕਰਦੇ ਸਨ। ਗੋਰੇ ਲੋਕ ਸਿਰਫ਼ ਆਪਣੇ ਨਸਲ ਦੇ ਲੋਕਾਂ ਨੂੰ ਹੀ ਇਮੀਗ੍ਰਾਟਾਂ ਜਾਂ ਸੁਖ - ਸਹੂਲਤਾਂ ਪ੍ਰਦਾਨ ਕਰਦੇ ਸਨ। ਨਸਲਵਾਦ ਸੰਬੰਧੀ ਸੰਘਰਸ਼ ਪਰਵਾਸ ਵਿਚ ਹੀ ਸਗੋਂ ਪੂਰਬੀ ਦੇਸ਼ਾਂ ਵਿਚ ਵੀ ਬਹੁਤ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ। ਇੱਥੋਂ ਦੇ ਲੋਕਾਂ ਨੂੰ ਵੀ ਰੂਪ, ਰੰਗ ਪੱਖੋਂ ਸੰਘਰਸ਼ ਕਰਨਾ ਪੈ ਰਿਹਾ ਹੈ। ਸਾਡੇ ਲੋਕ ਇਹ ਸੰਘਰਸ਼ ਹੁਣ ਤੋਂ ਨਹੀਂ ਸਗੋਂ ਬਹੁਤ ਲੰਮੇ ਸਮੇਂ ਤੋਂ ਕਰ ਰਹੇ ਹਨ। ਉਨ੍ਹਾਂ ਨਾਲ ਨਸਲ, ਜਾਤ ਆਦਿ ਦਾ ਭੇਦ –ਭਾਵ ਕਰ ਕੇ ਨਾ ਕੋਈ ਸਹੂਲਤ ਦਿੱਤੀ ਜਾਂਦੀ ਸੀ ਤੇ ਕੋਈ ਅਧਿਕਾਰ। ਉਨ੍ਹਾਂ ਨੂੰ ਹਮੇਸ਼ਾਂ ਹੀ ਨੀਵਾਂ ਦਿਖਾਇਆ ਜਾਂਦਾ ਸੀ ਤੇ ਉਨ੍ਹਾਂ ਨਾਲ ਇਹ ਸਭ ਵਿਤਕਰੇ ਪੂਰਬੀ

ਦੇਸ਼ਾਂ ਤੇ ਵਧੇਰੇ ਪੱਛਮੀ ਦੇਸ਼ਾਂ ਵਿਚ ਹੋ ਰਹੇ ਹਨ। ਇਨ੍ਹਾਂ ਵਿਤਕਰਿਆਂ ਦੇ ਵਿਰੋਧ ਵਿਚ ਬਹੁਤ ਸਾਰੇ ਲੋਕਾਂ ਨੇ ਲੰਮਾ ਸੰਘਰਸ਼ ਕੀਤਾ, ਜਿਸ ਨੂੰ ਕਹਾਣੀ ਵਿਚ ਕਹਾਣੀਕਾਰ ਨੇ ਬਾਖ਼ੂਬੀ ਪੇਸ਼ ਕੀਤਾ ਹੈ।

### 3.3 ਆਰਥਿਕਤਾ

ਵਿਸ਼ਵੀਕਰਨ ਦੇ ਦੌਰ ਕਾਰਨ ਆਰਥਿਕਤਾ ਇੱਕ ਗੰਭੀਰ ਸਮੱਸਿਆ ਬਣ ਚੁੱਕੀ ਹੈ , ਜਿਸ ਦਾ ਪ੍ਰਭਾਵ ਸਮਾਜ, ਦੇਸ਼ ਜਾਂ ਪੂਰੇ ਵਿਸ਼ਵ ਉੱਤੇ ਪੈਣਾ ਵਾਜਬ ਹੈ। ਅੱਜ ਦੇ ਸਮੇਂ ਵਿਚ ਕਿਸੇ ਵੀ ਦੇਸ਼ ਦੀ ਤਰੱਕੀ ਦਾ ਅੰਦਾਜ਼ਾ ਉਸ ਦੀ ਆਰਥਿਕਤਾ ਤੋਂ ਲਗਾਇਆ ਜਾ ਸਕਦਾ ਹੈ। ਖ਼ਾਸ ਕਰ ਅੱਜ ਦੇ ਸਮੇਂ ਵਿਚ ਤਾਂ ਕਿਸੇ ਵੀ ਦੇਸ਼ ਦਾ ਅੰਦਾਜ਼ਾ ਉਸ ਦੇ ਧਰਾਤਲ ਜਾਂ ਉਸ ਦੇ ਧਰਾਤਲ ਦੇ ਮਾਪ - ਦੰਡ ਤੋਂ ਨਹੀਂ ਸਗੋਂ ਉਸ ਦੀ ਆਰਥਿਕਤਾ ਤੋਂ ਲਗਾਇਆ ਜਾ ਸਕਦਾ ਹੈ ਕਿਉਂਕਿ ਜਿਸ ਦੇਸ਼ ਦੀ ਆਰਥਿਕਤਾ ਜਿੰਨੀ ਵਧੇਰੇ ਮਜ਼ਬੂਤ ਹੋਵੇਗੀ ਉਸ ਦੀ ਉਨ੍ਹੀਂ ਤਰੱਕੀ ਵਧੇਰੇ ਹੋਵੇਗੀ। ਮਨੁੱਖ ਆਪਣੀ ਆਰਥਿਕ ਹਾਲਤ ਨੂੰ ਵਧੇਰੇ ਮਜ਼ਬੂਤ ਕਰਨ ਲਈ ਪਰਵਾਸ ਧਾਰਨ ਕਰਦਾ ਹੈ। ਜਦੋਂ ਮਨੁੱਖ ਬੇਰੁਜ਼ਗਾਰ ਹੁੰਦਾ ਹੈ ਤਾਂ ਉਹ ਕੰਮ ਦੀ ਭਾਲ ਵਿਚ ਕਈ ਵਾਰ ਘਰ - ਬਾਰ ਛੱਡ ਕੇ ਪਰਵਾਸ ਧਾਰਨ ਕਰ ਲੈਂਦਾ ਹੈ ਤਾਂ ਕਿ ਉਨ੍ਹਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਆ ਸਕੇ। ਪਰ ਮਨੁੱਖ ਨੂੰ ਆਪਣੀ ਹਾਲਤ ਸੁਧਾਰਨ ਲਈ ਧਾਰਨ ਕੀਤੇ ਪਰਵਾਸ ਵਿਚ ਬਹੁਤ ਸਾਰੀਆਂ ਮੁਸਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੁੱਖ ਜਦੋਂ ਪੈਸੇ ਕਮਾਉਣ ਦੀ ਦੌੜ ਵਿਚ ਲੱਗ ਜਾਂਦਾ ਹੈ ਤਾਂ ਉਹ ਆਪਣੇ ਸਾਰੇ ਰਿਸ਼ਤੇ - ਨਾਤੇ ਭੁੱਲ ਕੇ ਆਰਥਿਕ ਹਾਲਤ ਨੂੰ ਸੁਧਾਰਨ ਵਿਚ ਜੁੱਟ ਜਾਂਦਾ ਹੈ ਜਿਸ ਕਰ ਕੇ ਉਸ ਨੂੰ ਕਈ ਵਾਰ ਇਕੱਲਤਾ ਮਹਿਸੂਸ ਹੁੰਦੀ ਹੈ। ਇਸ ਸੰਬੰਧ ਵਿਚ ਪਰਵਾਸੀ ਪੰਜਾਬੀਆਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਇੱਕ ਤਾਂ ਉਹ ਆਪਣੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਵਿਦੇਸ਼ ਵਿਚ ਮਜਬੂਰੀ ਵੱਸ ਹਰ ਇੱਕ ਕਿਸਮ ਦਾ ਰੁਜ਼ਗਾਰ ਕਰਨ ਲਈ ਤਿਆਰ ਹੁੰਦਾ ਹੈ, ਫਿਰ ਉਹ ਭਾਵੇਂ ਹੋਟਲ ਵਿਚ ਹੋਵੇ, ਰੈਸਟੋਰੈਂਟ ਵਿਚ ਜਾਂ ਫਿਰ ਕਿਸੇ ਸਟੋਰ ਵਿਚ। ਜਿਸ ਨਾਲ ਉਹ ਆਪਣੇ ਸੁਪਨੇ ਸਾਕਾਰ ਹੁੰਦੇ ਹੋਏ ਵੀ ਦੇਖਣਾ ਚਾਹੁੰਦਾ ਹੈ। ਪਰ ਨਾਲ ਹੀ ਉਸ ਨੂੰ ਆਪਣੇ ਸਭਿਆਚਾਰ ਤੋਂ, ਪਰਿਵਾਰ ਤੋਂ ਦੂਰ ਹੋਣ ਦਾ ਹੇਰਵਾ ਵੀ ਹੁੰਦਾ ਹੈ। ਪਰਵਾਸੀ ਪੰਜਾਬੀ ਮਜ਼ਬੂਰੀ ਵੱਸ ਪਿਆ ਪਰਵਾਸ ਵਿਚ ਹੀ ਜੀਵਨ ਬਤੀਤ ਕਰਦਾ ਹੈ।

ਕਹਾਣੀਕਾਰ ਜਰਨੈਲ ਨੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਕਹਾਣੀ 'ਹੜ੍ਹ' ਵਿਚ ਆਰਥਿਕ ਮੰਦਹਾਲੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਜਿਵੇਂ ਮਨੁੱਖ ਦੀ ਜ਼ਿੰਦਗੀ ਦੀ ਇੱਕ ਸੱਚੀ ਆਰਥਿਕ ਮੰਦਹਾਲੀ ਦੀ ਵਿਥਿਆ ਬਿਆਨ ਕੀਤੀ ਗਈ ਹੋਵੇ। ਮਨੁੱਖ ਆਪਣੀ ਜ਼ਿੰਦਗੀ ਲਈ ਦੇਖੇ ਸੁਪਨਿਆਂ ਨੂੰ ਸਾਕਾਰ ਕਰਨਾ ਚਾਹੁੰਦਾ ਹੈ, ਪਰ ਆਰਥਿਕ ਮੰਦਹਾਲੀ ਜਾਂ ਗ਼ਰੀਬੀ ਕਾਰਨ ਆਪਣੇ ਸੁਪਨੇ ਟੁੱਟਦਾ ਦੇਖਦਾ ਹੈ ਤੇ ਉਹ ਉਨ੍ਹਾਂ ਸੁਪਨਿਆਂ ਨੂੰ ਸਾਕਾਰ ਨਾ ਹੁੰਦਾ ਦੇਖ ਕੇ ਵਧੇਰੇ ਨਿਰਾਸ਼ ਹੋ ਜਾਂਦਾ ਹੈ। ਆਰਥਿਕਤਾ ਕਾਰਨ ਅਮੀਰ ਆਦਮੀ ਹੋਰ ਅਮੀਰ ਹੋ ਰਿਹਾ ਹੈ ਤੇ ਗ਼ਰੀਬ ਆਦਮੀ ਬੇਰੁਜ਼ਗਾਰੀ ਤੇ ਗ਼ਰੀਬੀ ਦੀ ਚੱਕੀ ਵਿਚ ਪਿਸ ਰਿਹਾ ਹੈ। ਮਨੁੱਖ ਬੇਰੁਜ਼ਗਾਰੀ ਤੇ ਗ਼ਰੀਬੀ ਤੋਂ ਬਚਣ ਲਈ ਪਰਵਾਸ ਧਾਰਨ ਕਰ ਲੈਂਦਾ ਹੈ ਤਾਂ ਜੋ ਆਪਣੇ ਪਰਿਵਾਰ ਦੀਆਂ ਸਮੱਸਿਆਵਾਂ ਨੂੰ ਹੱਲ ਕਰ ਸਕੇ ਤਾਂ ਜੋ ਪਰਿਵਾਰ ਵਧੀਆ ਜੀਵਨ ਜੀਅ ਸਕਣ।

ਆਧੁਨਿਕ ਸਮਾਂ ਵਿਸ਼ਵੀਕਰਨ ਦਾ ਦੌਰ ਹੈ। ਮਨੁੱਖ ਦੀ ਜਗ੍ਹਾ ਮਸ਼ੀਨਾਂ ਨੇ ਲੈ ਲਈ ਹੈ, ਜਿਸ ਕਾਰਨ ਮਨੁੱਖ ਬੇਰੁਜ਼ਗਾਰੀ ਕਾਰਨ ਰੁਜ਼ਗਾਰ ਦੀ ਭਾਲ ਵਿਚ ਪਰਵਾਸ ਧਾਰਨ ਕਰਦਾ ਹੈ। ਸਮਾਜ ਵਿਚ ਅਮੀਰ ਮਨੁੱਖ ਵਧੇਰੇ ਪਦਾਰਥਕ ਵਸਤੂਆਂ ਦੀ ਲਾਲਸਾ ਦੀ ਪ੍ਰਕਿਰਿਆ ਵਿਚਕਾਰ ਲਟਕਦਾ ਰਹਿੰਦਾ ਹੈ। ਕਹਾਣੀ 'ਹੜ੍ਹ' ਵਿਚ ਸੁਖਪਾਲ ਮੁੱਖ ਪਾਤਰ ਹੈ। ਉਸ ਦੇ ਪਰਿਵਾਰ ਵਿਚ ਵਧੇਰੇ ਗ਼ਰੀਬੀ ਹੋਣ ਕਾਰਨ ਪਰਵਾਸ ਧਾਰਨ ਕਰਦਾ ਹੈ। ਮਨੁੱਖ ਦਾ ਸਮਾਜ ਵਿਚ ਫੋਕੀਆਂ ਸ਼ਾਨਾਂ, ਦਿਖਾਵਾ ਕਰਨਾ ਹੀ 'ਹੜ੍ਹ' ਬਣਿਆ ਹੋਇਆ ਹੈ। ਮਨੁੱਖ ਫੋਕੀਆਂ ਸ਼ਾਨਾਂ ਦੇ ਜਾਲ ਵਿਚ ਫਸ ਕੇ ਵਧੇਰੇ ਪੈਸੇ ਕਮਾਉਣ ਦੀ ਲਾਲਸਾ ਅਧੀਨ ਜਾ ਰਿਹਾ ਹੈ। ਆਰਥਿਕਤਾ ਅਜਿਹਾ ਮਸਲਾ ਬਣ ਗਿਆ ਹੈ ਕਿ ਮਨੁੱਖ ਦੇ ਸਾਰੇ ਜੀਵਨ ਵਿਚ ਹੀ ਪਰਿਵਰਤਨ ਆ ਜਾਂਦਾ ਹੈ। ਕਹਾਣੀਕਾਰ ਨੇ 'ਹੜ੍ਹ' ਕਹਾਣੀ ਵਿਚ ਇਸ ਸਮੱਸਿਆ ਨੂੰ ਬਹੁਤ ਹੀ ਬਾਖ਼ੂਬੀ ਢੰਗ ਨਾਲ ਪੇਸ਼ ਕੀਤਾ ਹੈ, ਜੋ ਇਸ ਤਰ੍ਹਾਂ ਹੈ।

"ਪੜ੍ਹਾਈ ਅਤੇ ਖੇਡਾਂ 'ਚ ਸਿਰਕੱਢ ਹੋਣ ਕਰ ਕੇ ਸੁਖਪਾਲ ਨੂੰ ਕਾਲਜ ਵਿਚ ਵੀ ਫੀਸਾਂ ਤੇ ਹੋਰ ਖ਼ਰਚਿਆਂ ਤੋਂ ਛੋਟਾਂ ਮਿਲ਼ ਰਹੀਆਂ ਸਨ। ਪਰ ਘਰ ਦੀ ਹਾਲਤ ਦਿਨੋ-ਦਿਨ ਨਿੱਘਰਦੀ ਜਾ ਰਹੀ ਸੀ...ਲੂਣ-ਤੇਲ ਦੇ ਸੰਸੇ ਪੈ ਗਏ। ਹਮੇਸ਼ਾ ਫ਼ਸਟ ਡਵੀਜ਼ਨਾਂ ਮਾਰਨ ਵਾਲ਼ਾ ਸੁਖਪਾਲ ਮਾਨਸਿਕ ਤੌਰ 'ਤੇ ਅਜਿਹਾ ਉੱਖੜਿਆ ਕਿ ਬੀ.ਏ. ਵਿਚ ਮਸਾਂ

ਥਰਡ ਡਵੀਜ਼ਨ ਹੀ ਬਣੀ......ਵੱਡਾ ਅਫਸਰ ਬਣਨ ਦਾ ਸੁਪਨਾ ਚਕਨਾਚੂਰ ਹੋ ਗਿਆ। ਗ਼ਰੀਬੀ 'ਚ ਗਰਕ ਹੋ ਰਹੇ ਟੱਬਰ ਵਾਸਤੇ ਹੁਣ ਇਕ ਹੀ ਚਾਰਾ ਰਹਿ ਗਿਆ ਸੀ-ਸੁਖਪਾਲ ਨੂੰ ਬਦੇਸ਼ ਭੇਜਣ ਦਾ। ਏਜੰਟ ਨਾਲ਼ ਗੱਲ ਟੁੱਕ ਕੇ ਸੋਹਣ ਸਿੰਘ ਨੇ ਦੋ ਘੁਮਾਂ ਜ਼ਮੀਨ ਗਹਿਣੇ ਕੀਤੀ ਅਤੇ ਪੁੱਤ ਨੂੰ ਤੋਰ ਦਿੱਤਾ। ਗ਼ਰੀਸ ਤੇ ਮੈਕਸੀਕੋ ਵਿਚ ਕਈ ਮਹੀਨੇ ਖੱਜਲ-ਖੁਆਰ ਹੋ ਕੇ ਸੁਖਪਾਲ ਸਮੁੰਦਰੀ ਜਹਾਜ਼ ਰਾਹੀਂ ਨਿਊ ਓਰਲੀਅਨਜ਼ ਪਹੁੰਚ ਗਿਆ ਸੀ। ਉਦੋਂ ਅਮਰੀਕਾ ਦੀ ਆਰਥਿਕਤਾ ਉਛਾਲ਼ੇ ਮਾਰ ਰਹੀ ਸੀ। ਉਹ ਦੋ ਜੌਬਾਂ 'ਚ ਜੁੱਟ ਗਿਆ। ਸਵੇਰ ਤੋਂ ਪੰਜ ਵਜੇ ਸ਼ਾਮ ਤਕ 'ਕੈਂਟੱਕੀ ਫਰਾਈਡ ਚਿਕਨ' ਦੀ ਅਤੇ ਛੇ ਵਜੇ ਤੋਂ ਅੱਧੀ ਰਾਤ ਤਕ ਪੀਜ਼ੇ ਦੀ.....ਤਿੰਨ ਸਾਲ ਦਿਨ-ਰਾਤ ਇਕ ਕਰ ਕੇ ਉਸ ਨੇ ਬੈਂਕ ਦਾ ਕਰਜ਼ਾ ਲਾਹਿਆ, ਠੇਕੇ ਦੀਆਂ ਸਿਰ ਚੜ੍ਹੀਆਂ ਰਕਮਾਂ ਉਤਾਰੀਆਂ, ਗਹਿਣੇ ਪਈ ਜ਼ਮੀਨ ਛੁਡਾਈ ਅਤੇ ਨੀਨਾ ਤੇ ਜਿੰਦਰ ਨੂੰ ਕਾਲਜ ਵੱਲ ਤੋਰਿਆ।"[7]

ਕਹਾਣੀਕਾਰ ਜਰਨੈਲ ਸਿੰਘ ਨੇ ਕਹਾਣੀ 'ਹੜ੍ਹ' ਵਿਚ ਮਨੁੱਖ ਦੀ ਆਰਥਿਕ ਮੰਦਹਾਲੀ ਦੀ ਤਸਵੀਰ ਨੂੰ ਬੜੀ ਸੂਝਵਾਨਤਾ ਨਾਲ ਪੇਸ਼ ਕੀਤਾ ਹੈ। ਕਹਾਣੀ ਦਾ ਮੁੱਖ ਪਾਤਰ ਸੁਖਪਾਲ ਹੈ। ਉਸ ਨੇ ਆਪਣੇ ਘਰ ਦੀ ਆਰਥਿਕ ਹਾਲਤ ਮੰਦੀ ਹੋਣ ਕਰ ਕੇ ਆਪਣੀ ਪੜ੍ਹਾਈ ਵਿਚ ਹੀ ਛੱਡ ਦਿੰਦਾ ਹੈ ਪਰ ਉਹ ਪੜ੍ਹਾਈ ਵਿਚ ਬਹੁਤ ਹੀ ਹੁਸ਼ਿਆਰ ਸੀ, ਪਰ ਆਰਥਿਕ ਮੰਦਹਾਲੀ ਕਰ ਕੇ ਵੱਡਾ ਅਫ਼ਸਰ ਬਣਨ ਦਾ ਸੁਪਨਾ ਵੀ ਟੁੱਟਦਾ ਨਜ਼ਰ ਆਉਂਦਾ ਹੈ। ਸੁਖਪਾਲ ਦਾ ਪਿਉ ਜ਼ਮੀਨ ਗਹਿਣੇ ਰੱਖ ਕੇ ਸੁਖਪਾਲ ਨੂੰ ਵਿਦੇਸ਼ ਭੇਜ ਦਿੰਦਾ ਹੈ। ਸੁਖਪਾਲ ਆਪਣੀ ਆਰਥਿਕ ਮੰਦਹਾਲੀ ਦੇ ਸੁਧਾਰ ਲਈ ਪਰਵਾਸ ਧਾਰਨ ਕਰ ਲੈਂਦਾ ਹੈ ਤੇ ਉਹ ਉੱਥੇ ਆਪਣੇ ਸੁਪਨਿਆਂ ਨੂੰ ਮਧੋਲ਼ ਕੇ ਕੰਮ - ਕਾਜ ਵਿਚ ਜੀਅ - ਜਾਨ ਲਗਾ ਕੇ ਕੰਮ ਕਰਦਾ ਹੈ ਤੇ ਜਿਸ ਕਾਰਨ ਉਨ੍ਹਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਆ ਜਾਂਦਾ ਹੈ ਤੇ ਆਪਣੇ ਪਰਿਵਾਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਉਨ੍ਹਾਂ ਦੀ ਹਰ ਇੱਕ ਜ਼ਰੂਰਤ ਪੂਰੀ ਕਰਨਾ ਚਾਹੁੰਦਾ ਹੈ, ਜਿਸ ਕਾਰਨ ਸੁਖਪਾਲ ਨੇ ਪਰਵਾਸ ਧਾਰਨ ਕੀਤਾ ਹੈ।

ਕਹਾਣੀਕਾਰ ਜਰਨੈਲ ਸਿੰਘ ਨੇ ਕਹਾਣੀ 'ਨਦੀਨ' ਵਿਚ ਆਰਥਿਕਤਾ ਦੀ ਸਮੱਸਿਆ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ।

"ਹਰਜਾਪ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਟਰਾਂਟੋ ਦਾ ਭਰਪੂਰ ਹਰਿਆਵਲ ਤੇ ਸੁਹਾਵਣੀ ਹਵਾ ਵਾਲ਼ਾ ਮੌਸਮ ਬਹਾਰ, ਹੁੰਮਸ ਭਰੇ ਮੌਸਮ ਵਿਚ ਤਬਦੀਲ ਹੋ ਗਿਆ ਹੋਵੇ। 'ਇਹ ਸਾਲ਼ਾ ਕਿਹੋ ਜਿਹਾ ਰਿਸ਼ਤਾ ਐ। ਪਿਆਰ ਆਲ਼ੀ ਤਾਂ ਕੋਈ ਗੱਲ ਈ ਹੈ ਨੀਂ, ਬੱਸ ਪੈਸਾ, ਪੈਸਾ, ਪੈਸਾ।' ਉਹ ਬੁੜਬੁੜਾਇਆ। ਉਸ ਦੇ ਦਿਲ 'ਚ ਆਈ ਕਿ ਕਹਿ ਦੇਵੇ, 'ਜਾਹ ਲਾ ਲੈ ਜਿਹੜਾ ਜ਼ੋਰ ਲਾਉਣੈ, ਸਿੱਝ ਲਾਂ ਗਾ ਤੇਰੇ ਨਾਲ਼।"[8]

ਕਹਾਣੀ 'ਨਦੀਨ' ਵਿਚ ਪਾਤਰ ਹਰਜਾਪ ਜੋ ਕਿ ਕੈਨੇਡਾ ਵਾਸੀ ਹੈ। ਹਰਜਾਪ ਕੈਨੇਡਾ ਆਉਣ ਦਾ ਚਾਹਵਾਨ ਸੀ। ਕੈਨੇਡਾ ਵਿਚ ਆਉਣ ਤੋਂ ਬਾਅਦ ਉਸ ਦੀ ਪਤਨੀ ਨੀਤੂ ਹਰਜਾਪ ਨੂੰ ਆਪਣੇ ਇੰਡੀਆ ਰਹਿ ਰਹੇ ਮਾਪਿਆਂ ਨੂੰ ਪੈਸੇ ਪਾਉਣ ਲਈ ਕਹਿੰਦੀ ਹੈ, ਪਰ ਹਰਜਾਪ ਨੂੰ ਇਹ ਗੱਲ ਬਿਲਕੁਲ ਵੀ ਠੀਕ ਨਹੀਂ ਜਾਪਦੀ। ਹਰਜਾਪ ਨੀਤੂ ਨੂੰ ਗ਼ੁੱਸੇ ਹੁੰਦਾ ਹੈ ਤੇ ਕਹਿੰਦਾ ਹੈ ਕਿ ਤੂੰ ਹਰ ਸਮੇਂ ਪੈਸਾ ਪੈਸਾ ਕਰਦੀ ਰਹਿੰਦੀ ਹੈ, ਪਰ ਨੀਤੂ ਵੀ ਅੱਗੋਂ ਭੜਕ ਪੈਂਦੀ ਹੈ।

ਸਮਾਜ ਵਿਚ ਪਰਵਾਸ ਧਾਰਨ ਕੀਤੇ ਮਨੁੱਖ ਨੂੰ ਪੈਸੇ ਕਮਾਉਣ ਵਾਲੀ ਮਸ਼ੀਨ ਸਮਝ ਲਿਆ ਗਿਆ ਹੈ। ਪਰਵਾਸੀ ਮਨੁੱਖ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਾਰਾ ਕੁੱਝ ਕਰਨ ਲਈ ਤਿਆਰ ਹੋ ਜਾਂਦਾ ਹੈ। ਜਿਵੇਂ ਜਿਵੇਂ ਮਨੁੱਖ ਦਾ ਆਰਥਿਕ ਵਿਕਾਸ ਹੋ ਰਿਹਾ ਹੈ, ਓਵੇਂ ਓਵੇਂ ਉਸ ਵਿਚ ਪੈਸੇ ਦੀ ਲਾਲਸਾ ਵਿਚ ਵਾਧਾ ਹੋ ਰਿਹਾ ਹੈ। ਸਮਾਜ ਵਿਚ ਆਰਥਿਕ ਮਸਲਾ ਗੰਭੀਰ ਮਸਲਾ ਬਣ ਚੁੱਕਾ ਹੈ। ਇਸ ਮਸਲੇ ਨੂੰ ਪੱਛਮੀ ਤੇ ਪੂਰਬੀ ਦੇਸ਼ਾਂ ਵਿਚ ਦੇਕਿਆ ਜਾ ਸਕਦਾ ਹੈ।

### 3.4 ਗੈਰ - ਮਨੁੱਖੀ ਵਿਵਹਾਰ

ਹਰ ਇੱਕ ਮਨੁੱਖ ਵਿਚ ਭਾਵ, ਵਿਚਾਰ ਹੁੰਦੇ ਹਨ, ਜਦ ਉਹ ਵਿਚਾਰਾਂ ਨੂੰ ਦੂਜਿਆਂ ਨਾਲ ਸਾਂਝਾ ਕਰਦਾ ਹੈ ਤਾਂ ਉਸ ਅੰਦਰ ਇੱਕ ਉਮੀਦ ਦੀ ਕਿਰਨ ਜਗਦੀ ਹੈ ਕਿ ਕੋਈ ਮਨੁੱਖ ਉਸ ਦੇ ਦੁੱਖ - ਸੁੱਖ ਵਿਚ ਸੰਗੀ ਸਾਥੀ ਹੈ। ਪਰ ਅੱਜ ਦੇ ਸਮੇਂ ਵਿਚ ਮਨੁੱਖਾਂ ਵਿਚ ਗੈਰ ਮਨੁੱਖਤਾ ਦਾ ਪ੍ਰਭਾਵ ਇੰਨਾ ਵਧ ਗਿਆ ਹੈ ਕਿ ਮਨੁੱਖ ਇੱਕ ਦੂਜੇ ਦੇ ਅੰਗੀ ਸਾਥੀ ਹੁੰਦੇ ਹੋਏ ਵੀ ਗ਼ੈਰਾਂ ਵਾਲਾ ਵਿਵਹਾਰ ਕਰਦੇ ਹਨ। ਇਹ ਸਭ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਹੋ ਰਿਹਾ ਹੈ।

ਉਦਯੋਗਿਕ ਕ੍ਰਾਂਤੀ ਦੇ ਪ੍ਰਭਾਵ ਅਧੀਨ ਅੰਗਰੇਜ਼ਾਂ ਨੇ ਵਿਸ਼ਵ ਦੇ ਕਈ ਦੇਸ਼ਾਂ ਉੱਤੇ ਕਬਜ਼ਾ ਕਰ ਲਿਆ ਸੀ। ਅੰਗਰੇਜ਼ਾਂ ਨੇ ਇਸ ਪ੍ਰਭਾਵ ਅਧੀਨ ਉਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਆਪਣਾ ਗ਼ੁਲਾਮ ਬਣਾਇਆ। ਉਨ੍ਹਾਂ ਲੋਕਾਂ ਤੇ ਕਬਜ਼ਾ ਕਰ ਕੇ ਰਾਜ ਕੀਤਾ ਤੇ ਉਨ੍ਹਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਗ਼ੁਲਾਮੀ ਅਧੀਨ ਲੋਕਾਂ ਨੂੰ ਹਰ ਇੱਕ ਕੰਮ ਉਨ੍ਹਾਂ ਦੀ ਮਰਜ਼ੀ ਮੁਤਾਬਿਕ ਕਰਨਾ ਪੈਂਦਾ ਸੀ। ਗੈਰ ਮਨੁੱਖਤਾ ਦਾ ਵਿਵਹਾਰ ਹਰ ਇੱਕ ਮਨੁੱਖ ਨੂੰ ਗੈਰ ਹੋਣ ਦਾ ਅਹਿਸਾਸ ਕਰਵਾਉਂਦੀ ਹੈ, ਫਿਰ ਉਹ ਭਾਵੇਂ ਦੇਸ਼ ਹੋਵੇ ਜਾਂ ਪਰਦੇਸ। ਜਦੋਂ ਮਨੁੱਖ ਨਾਲ ਅਜਿਹਾ ਵਿਵਹਾਰ ਹੋਣ ਲੱਗ ਜਾਂਦਾ ਹੈ ਤਾਂ ਉਹ ਬਹੁਤ ਹੀ ਸਹਿਮਿਆਂ ਤੇ ਇਕੱਲਾਪਣ ਮਹਿਸੂਸ ਕਰਦਾ ਹੈ। ਇਸ ਪ੍ਰਭਾਵ ਅਧੀਨ ਮਨੁੱਖ ਦਾ ਹੋ ਰਿਹਾ ਜਿਨਸੀ ਸ਼ੋਸ਼ਣ ਕਰ ਕੇ ਨਾ ਤੇ ਉਹ ਆਪਣੇ ਆਪ ਨੂੰ ਸੰਭਾਲ ਪਾਉਂਦਾ ਹੈ ਤੇ ਨਾ ਆਪਣੇ ਪਰਿਵਾਰਿਕ ਸੰਬੰਧਾਂ ਤੇ ਸਭਿਆਚਾਰ ਵਿਚ ਵਿਚਰਦਾ ਪਾਉਂਦਾ ਹੈ।

ਕਹਾਣੀਕਾਰ ਜਰਨੈਲ ਸਿੰਘ ਨੇ ਕਹਾਣੀ 'ਕਾਲ਼ੇ ਵਰਕੇ' ਵਿਚ ਗੈਰ ਮਨੁੱਖਤਾ ਦਾ ਪ੍ਰਭਾਵ ਵਧੇਰੇ ਸੂਝਵਾਨ ਢੰਗ ਨਾਲ ਪੇਸ਼ ਕੀਤਾ ਹੈ। ਸਮਾਜ ਵਿਚ ਮਨੁੱਖ ਨਾਲ ਹੋ ਰਿਹਾ ਮਨੁੱਖੀ ਸ਼ੋਸ਼ਣ ਬਾਰੇ ਪੇਸ਼ ਕੀਤਾ ਹੈ ਕਿ ਮਨੁੱਖ ਮੁੱਢ ਤੋਂ ਹੀ ਜਿਨਸੀ, ਮਾਨਸਿਕਤਾ, ਹੀਣ ਭਾਵਨਾ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ। ਸਮਾਜ ਵਿਚ ਸਿਰਫ਼ ਮਨੁੱਖਤਾ ਦਾ ਸ਼ੋਸ਼ਣ ਹੀ ਨਹੀਂ ਸਗੋਂ ਮਸੂਮੀਅਤ ਦਾ ਵੀ ਸ਼ੋਸ਼ਣ ਹੋ ਰਿਹਾ ਹੈ। ਜਿਹੜੇ ਲੋਕ ਆਪਣਿਆਂ ਬੱਚਿਆਂ ਦੇ ਵਧੀਆ ਭਵਿੱਖ ਲਈ ਉਨ੍ਹਾਂ ਨੂੰ ਆਪਣੇ ਤੋਂ ਦੂਰ ਪੜ੍ਹਨ ਲਈ ਸਕੂਲਾਂ, ਕਾਲਜਾਂ ਜਾਂ ਵਿੱਦਿਅਕ ਅਦਾਰਿਆਂ ਵਿਚ ਭੇਜ ਦਿੰਦੇ ਹਨ, ਉਨ੍ਹਾਂ ਦਾ ਬਹੁਤੀਆਂ ਥਾਵਾਂ ਤੇ ਜਿਨਸੀ ਸ਼ੋਸ਼ਣ ਹੁੰਦਾ ਹੈ ਤੇ ਬੱਚੇ ਆਪਣੇ ਸਭਿਆਚਾਰ, ਪਰਿਵਾਰਿਕ ਸੰਬੰਧਾਂ ਤੋਂ ਟੁੱਟ ਜਾਣ, ਮਾਪਿਆਂ ਤੋਂ ਦੂਰ ਰਹਿ ਕੇ ਜਿਨਸੀ ਸ਼ੋਸ਼ਣ ਦਾ ਸ਼ਿਕਾਰੀ ਹੋਣ ਕਰਕੇ ਇੱਕ ਬਹੁਤ ਵੱਡੀ ਮੁਸੀਬਤ ਵਿਚ ਫਸ ਜਾਂਦੇ ਹਨ। ਸਕੂਲਾਂ ਵਿਚ ਮਾਸੂਮ ਬੱਚਿਆਂ ਨੂੰ ਸਮਝਾ ਫੁਸਲਾ ਕੇ ਉਨ੍ਹਾਂ ਨੂੰ ਆਪਣੇ ਜਾਲ ਵਿਚ ਫਸਾ ਲਿਆ ਜਾਂਦਾ ਹੈ ਤੇ ਉਨ੍ਹਾਂ ਦਾ ਜਿਸਮਾਨੀ ਸ਼ੋਸ਼ਣ ਕਰ ਕੇ ਉਨ੍ਹਾਂ ਨੂੰ ਡਰਾ ਧਮਕਾ ਰੱਖਿਆ ਜਾਂਦਾ ਹੈ। ਸਮਾਜ ਵਿਚ ਮਨੁੱਖਤਾ ਦਾ ਕੀਤਾ ਜਾ ਰਿਹਾ ਸ਼ੋਸ਼ਣ ਉਨ੍ਹਾਂ ਦੀ ਖ਼ੁਦ ਖ਼ੁਸ਼ੀ ਦਾ ਵੀ ਕਾਰਨ ਬਣ ਜਾਂਦਾ ਹੈ। ਸਮਾਜ ਵਿਚ ਨੌਜਵਾਨ ਪੀੜ੍ਹੀ ਜਿਨਸੀ ਸ਼ੋਸ਼ਣ ਅਤੇ ਜਿਨਸੀ ਹੀਣ ਭਾਵਨਾ ਦਾ ਸ਼ਿਕਾਰ ਹੋ ਰਹੇ ਹਨ। ਮਿਸਾਲ ਵਜੋਂ ਕਹਾਣੀਕਾਰ ਜਰਨੈਲ ਸਿੰਘ ਨੇ ਗੈਰ ਮਨੁੱਖਤਾ ਦੇ ਪ੍ਰਭਾਵ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ।

"ਗੱਲ ਬੜੀ ਘਿਨਾਉਣੀ ਏ....ਸਾਡੇ ਨਹਾਉਣ ਲਈ ਲਾਈਨਾਂ ਵਿਚ ਛੋਟੇ-ਛੋਟੇ ਵਾਸ਼ਰੂਮ ਬਣੇ ਹੋਏ ਸਨ। ਦਰਵਾਜ਼ਿਆਂ ਦੀ ਥਾਂ ਪਲਾਸਟਿਕ ਦੇ ਪਰਦੇ ਹੁੰਦੇ ਸਨ। ਅਸੀਂ ਨਗਨ ਹੋ ਕੇ ਨਹਾਉਂਦੇ ਸਾਂ। ਕਦੀ - ਕਦੀ ਬਰੱਦਰ ਅਲਬਰਟ ਆ ਕੇ ਸਾਡੀਆਂ ਪਿੱਠਾਂ ਮਲਣ ਲੱਗ ਪੈਂਦਾ। ਸਾਨੂੰ ਸਰੀਰ ਦੇ ਹਰ ਹਿੱਸੇ ਤੱਕ ਹੱਥ ਲਿਜਾ ਕੇ ਮਲਣ ਲਈ ਆਖਦਾ ਹੋਇਆ, ਉਹ ਸਾਡੀਆਂ ਪਿੱਠਾਂ 'ਤੇ ਸਾਬਣ ਲਾ ਕੇ ਪਹਿਲਾਂ ਨਰਮ ਜਿਹਾ ਬੁਰਸ਼ ਵਰਤਦਾ ਤੇ ਫਿਰ ਹੱਥਾਂ ਨਾਲ਼ ਮਲਣ ਲੱਗ ਪੈਂਦਾ। ਅਸੀਂ ਉਸਦੇ ਇਸ ਕਾਰਜ ਨੂੰ ਸਿਹਤ-ਸਿੱਖਿਆ ਵਜੋਂ ਲੈਂਦੇ ਸਾਂ। ਖੇਡਾਂ ਦਾ ਅਧਿਆਪਕ ਜੁ ਸੀ ਉਹ। ਇਕ ਦਿਨ ਮੇਰੀ ਪਿੱਠ ਮਲ਼ਦਿਆਂ ਉਸਦੇ ਉਤੇਜਿਤ ਹੋਏ ਹੱਥ ਕਮਰ ਤੋਂ ਹੇਠਲੇ ਹਿੱਸੇ ਦੀਆਂ ਮੁੱਠੀਆਂ ਭਰਨ ਲੱਗ ਪਏ। ਹੈਰਾਨੀ ਤੇ ਘਬਰਾਹਟ ਵਿਚ ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ। ਤੇ ਜਦੋਂ ਉਸਨੇ ਕਿਹਾ, 'ਨਹਾ ਕੇ ਮੇਰੇ ਕਮਰੇ 'ਚ ਆਈਂ' , ਮੇਰਾ ਸਾਹ ਸੁੱਕ ਗਿਆ। ਸਹਿਮਿਆ-ਸੁੰਗੜਿਆ ਮੈਂ ਉਸਦੇ ਕਮਰੇ 'ਚ ਚਲਾ ਗਿਆ।"[9]

ਜਰਨੈਲ ਸਿੰਘ ਨੇ ਕਹਾਣੀ 'ਕਾਲ਼ੇ ਵਰਕੇ' ਵਿਚ ਗੈਰ ਮਨੁੱਖਤਾ ਦੇ ਪ੍ਰਭਾਵ ਅਧੀਨ ਹੋ ਰਹੇ ਸ਼ੋਸ਼ਣ ਨੂੰ ਸਮੱਸਿਆ ਵਜੋਂ ਪੇਸ਼ ਕੀਤਾ ਹੈ। ਕਹਾਣੀ ਵਿਚ ਕਹਾਣੀਕਾਰ ਖ਼ੁਦ 'ਮੈਂ' ਪਾਤਰ ਬਣ ਕੇ ਵਿਚਰ ਰਿਹਾ ਹੈ। ਕਹਾਣੀ ਵਿਚ ਮੁੱਖ ਪਾਤਰ ਮਾਈਕਲ ਹੈ। ਜਿਸ ਦੀ ਇੰਡੀਅਨ ਰੈਜ਼ਿਡੈਂਸ਼ੀਅਲ ਸਕੂਲ ਵਿਚ ਹੋ ਰਹੀਆਂ ਬਦਸਲੂਕੀ, ਬੇਇਨਸਾਫ਼ੀਆਂ ਤੇ ਸ਼ੋਸ਼ਣ ਕਾਰਨ ਸਮਾਜ ਵਿਚ ਆਪਣੇ ਆਪ ਨੂੰ ਨੀਵਾਂ ਮਹਿਸੂਸ ਕਰਦਾ ਦੇਖਿਆ ਗਿਆ ਹੈ। ਮਾਈਕਲ ਦੇ ਪਰਿਵਾਰ ਵੱਲੋਂ ਮਾਈਕਲ ਤੇ ਉਸ ਦੀ ਭੈਣ ਰੋਜ਼ੈਨ ਨੂੰ ਰੈਜ਼ਿਡੈਂਸ਼ੀਅਲ ਸਕੂਲ ਵਿਚ ਉਨ੍ਹਾਂ ਦੀ ਮਰਜ਼ੀ ਖ਼ਿਲਾਫ਼ ਭੇਜਿਆ ਗਿਆ। ਸਕੂਲ ਵਿਚ ਮਾਈਕਲ, ਰੋਜ਼ੈਨ ਤੇ ਹੋਰ ਬੱਚਿਆਂ ਦਾ ਜਿਨਸੀ ਸ਼ੋਸ਼ਣ ਹੋ ਰਿਹਾ ਸੀ, ਜਿਸ ਕਰ ਕੇ ਉਨ੍ਹਾਂ ਦੀ ਮਾਨਸਿਕਤਾ, ਸਰੀਰਕਤਾ ਤੇ ਸਭਿਆਚਾਰਕ ਤੇ ਪਰਿਵਾਰਿਕ ਸੰਬੰਧਾਂ ਨਾਲੋਂ ਟੁੱਟਦਾ ਮਹਿਸੂਸ ਕਰਦੇ ਹਨ। ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਈ ਰੋਜ਼ੈਨ ਖ਼ੁਦ ਖ਼ੁਸ਼ੀ ਕਰ ਲੈਂਦੀ ਹੈ। ਇਸ ਸਦਮੇ ਵਿਚ ਰੋਜ਼ੈਨ ਦਾ ਪਿਉ ਆਤਮ - ਹੱਤਿਆ ਕਰ ਲੈਂਦਾ ਹੈ ਤੇ ਮਾਈਕਲ ਦੀ ਮਾਂ ਪਰਿਵਾਰਿਕ ਮਸਲਿਆਂ ਕਰ ਕੇ ਮਾਨਸਿਕ ਸਥਿਤੀ ਵਿਚ ਵਿਗਾੜ ਆ ਜਾਂਦਾ ਹੈ। ਅਖੀਰ ਵਿਚ ਮਾਈਕਲ ਦੀ ਗੁਰਬਾਜ਼ ਵੱਲੋਂ ਕੀਤੀ ਕਾਊਂਸਲਿੰਗ ਸਫ਼ਲ ਹੋ ਜਾਂਦੀ ਹੈ ਤੇ ਮਾਈਕਲ ਤੇ ਹੋਰਾਂ ਨੂੰ ਇਨਸਾਫ਼ ਮਿਲ ਜਾਂਦਾ ਹੈ।

ਸਮਾਜ ਵਿਚਲੀ ਗੈਰ ਮਨੁੱਖਤਾ ਦੀ ਸਮੱਸਿਆ ਇੱਕ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ। ਗੈਰ ਮਨੁੱਖੀ ਵਿਵਹਾਰ ਸਮਾਜ ਵਿਚ ਅਜੇ ਵੀ ਕਿਤੇ ਨਾ ਕਿਤੇ ਪਾਇਆ ਜਾਂਦਾ ਹੈ ਜਿਸ ਨਾਲ ਮਨੁੱਖ ਦੀ ਮਾਨਸਿਕਤਾ ਦੀ ਵਧੇਰੇ ਟੁੱਟ - ਭੱਜ ਹੋ ਰਹੀ ਹੈ। ਗੈਰ ਮਨੁੱਖਤਾ ਦੀ ਸਮੱਸਿਆ ਵਿਦੇਸ਼ਾ ਵਿਚ ਹੀ ਨਹੀਂ ਸਗੋਂ ਪੂਰਬੀ ਦੇਸ਼ਾਂ ਵਿਚ ਵੀ ਪਾਈ ਜਾਂਦੀ ਹੈ। ਮਨੁੱਖ ਦਾ ਸ਼ੋਸ਼ਣ ਪੱਛਮੀ ਦੇਸ਼ਾਂ ਵਿਚ ਹੀ ਨਹੀਂ ਸਗੋਂ ਹੋਰਾਂ ਦੇਸ਼ਾਂ ਵਿਚ ਵੀ ਸਮੱਸਿਆ ਦਾ ਪ੍ਰਭਾਵ ਪੈ ਰਿਹਾ ਹੈ, ਜਿਸ ਕਰ ਕੇ ਗੈਰ ਮਨੁੱਖਤਾ ਦੀ ਸਮੱਸਿਆ ਇੱਕ ਵੱਡਾ ਮਸਲਾ ਬਣ ਗਿਆ ਹੈ।

3.5 ਫ਼ੈਸ਼ਨ ਦੇ ਪ੍ਰਭਾਵ ਅਧੀਨ ਜਿਨਸੀ ਸ਼ੋਸ਼ਣ

ਸਮਾਜ ਵਿਚ ਫ਼ੈਸ਼ਨ ਅਜਿਹੀ ਕਲਾ ਹੈ, ਜੋ ਹਰ ਇੱਕ ਸਭਿਆਚਾਰ ਵਿਚ ਪਾਈ ਜਾਂਦੀ ਹੈ। ਫ਼ੈਸ਼ਨ ਅਜਿਹੀ ਕਲਾ ਬਣ ਗਿਆ ਹੈ ਕਿ ਜਿਸ ਦੁਆਰਾ ਮਨੁੱਖ ਨੂੰ ਸੁੰਦਰ ਤੇ ਸਭ ਤੋਂ ਸਰਵੋਤਮ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ, ਭਾਵੇਂ ਫ਼ੈਸ਼ਨ ਪੈਸੇ ਦਾ ਹੋਣੇ ਜਾਂ ਫਿਰ ਸਰੀਰ ਦੀ ਬਣਤਰ ਦਾ। ਸੰਸਾਰ ਵਿਚ ਅਨੇਕਾਂ ਸਭਿਆਚਾਰ ਪਾਏ ਜਾਂਦੇ ਹਨ ਤੇ ਹਰ ਇੱਕ ਸਭਿਆਚਾਰ ਦਾ ਆਪਣਾ ਸਰੀਰਕ ਬਣਤਰ ਨੂੰ ਸਜਾਉਣ ਵਾਲਾ ਪਹਿਰਾਵਾ।

ਸਮਾਜ ਵਿਚ ਵੱਖ - ਵੱਖ ਸਭਿਆਚਾਰ ਵਿਚ ਵਿਚਰ ਰਹੇ ਲੋਕ ਵੱਖ - ਵੱਖ ਸਮਿਆਂ ਅੰਦਰ ਫ਼ੈਸ਼ਨ ਵਿਚ ਰੁਚੀ ਦਿਖਾ ਰਹੇ ਹਨ। ਫ਼ੈਸ਼ਨ ਦੀ ਕਲਾ ਮਨੁੱਖ ਨੂੰ ਦੂਜਿਆਂ ਨਾਲੋਂ ਅਲੱਗ ਤੇ ਵਧੇਰੇ ਖ਼ੂਬਸੂਰਤ ਦਿਖਾਉਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਜਿਸ ਤਰ੍ਹਾਂ ਪੰਜਾਬੀ ਸਭਿਆਚਾਰ ਵਿਚ ਵਿਆਹ ਦੇ ਸਮੇਂ ਲਾਲ ਰੰਗ ਦਾ ਜੋੜਾ ਪਹਿਨਣਾ ਸ਼ੁੱਭ ਮੰਨਿਆ ਜਾਂਦਾ ਹੈ, ਓਵੇਂ ਹੀ ਪੱਛਮੀ ਸਭਿਆਚਾਰ ਵਿਚ ਵਿਆਹ ਦੇ ਸਮੇਂ ਸਫ਼ੈਦ ਰੰਗ ਦਾ ਜੋੜਾ ਪਹਿਨਣਾ ਸ਼ੁੱਭ ਮੰਨਿਆ ਜਾਂਦਾ ਹੈ। ਪਰ ਜੇਕਰ ਪੁਰਾਣੇ ਸਮਿਆਂ ਵਿਚ ਵੇਖਿਆ ਜਾਵੇ ਤਾਂ ਆਦਿ ਮਾਨਵ ਆਪਣੇ ਜਿਸਮ ਨੂੰ ਪੱਤਿਆਂ ਨਾਲ ਢਕਦੇ ਸਨ। ਪੁਰਾਣੇ ਸਮੇਂ ਆਦਿ ਮਾਨਵ ਦਾ ਪੱਤਿਆਂ ਨਾਲ ਜਿਸਮ ਨੂੰ ਢਕਣਾ ਫ਼ੈਸ਼ਨ ਸੀ। ਭਾਵੇਂ ਉਸ ਸਮੇਂ ਮਨੁੱਖ ਵਿਚ ਕੱਪੜਿਆਂ ਜਾਂ ਫ਼ੈਸ਼ਨ ਦੀ ਇੰਨੀ ਸੋਚ ਸਮਝ ਨਹੀਂ ਸੀ, ਪਰ ਫਿਰ ਵੀ ਪੁਰਾਣੇ ਸਮੇਂ ਵਿਚ ਪੱਤਿਆਂ ਨਾਲ ਜਿਸਮ ਨੂੰ ਢੱਕਣ ਦਾ ਫ਼ੈਸ਼ਨ ਮੰਨਿਆ ਜਾਂਦਾ ਸੀ।

ਫ਼ੈਸ਼ਨ ਸਭਿਆਚਾਰ ਦਾ ਅਟੁੱਟ ਤੇ ਅਨਿੱਖੜਵਾਂ ਅੰਗ ਹਨ। ਜੇ ਸਭਿਆਚਾਰ ਵਿਚ ਪਰਿਵਰਤਨ ਆਉਂਦਾ ਹੈ ਤਾਂ ਲਾਜ਼ਮੀ ਹੈ ਕਿ ਫ਼ੈਸ਼ਨ ਵਿਚ ਵੀ ਪਰਿਵਰਤਨ ਆਉਂਦਾ ਹੈ। ਜਿਵੇਂ ਜਿਵੇਂ ਸਭਿਆਚਾਰ ਦਾ ਵਿਕਾਸ ਹੁੰਦਾ ਜਾਵੇਗਾ, ਓਵੇਂ ਓਵੇਂ ਮਨੁੱਖ ਦੀ ਫ਼ੈਸ਼ਨ ਪ੍ਰਤੀ ਸੋਚ ਦਾ ਵਿਕਾਸ ਹੁੰਦਾ ਰਹੇਗਾ। ਮਨੁੱਖ ਦੇ ਜੀਵਨ ਦਾ ਸਭ ਤੋਂ ਨੇੜਲਾ ਸੰਬੰਧ ਫ਼ੈਸ਼ਨ ਨਾਲ ਮੰਨਿਆਂ ਜਾਂਦਾ ਹੈ। ਹਰ ਇੱਕ ਮਨੁੱਖ ਫ਼ੈਸ਼ਨ ਦੇ ਪ੍ਰਤੀ ਖਿੱਚਿਆਂ ਜਾਂਦਾ ਹੈ। ਫਿਰ ਭਾਵੇਂ ਬੱਚੇ ਹੋਣ, ਨੌਜਵਾਨ, ਔਰਤਾਂ, ਬੁੱਢੇ ਹੋਣ। ਹਰ ਇੱਕ ਮਨੁੱਖ ਦੀਆਂ ਫ਼ੈਸ਼ਨ ਨਾਲ ਸੰਬੰਧਿਤ ਕੁੱਝ ਜ਼ਰੂਰਤਾਂ ਹੁੰਦੀਆਂ ਹਨ, ਜਿਨ੍ਹਾਂ ਦਾ ਸਮਾਜ ਵਿਚ ਰਹਿਣ ਲਈ ਸੰਪੂਰਨ ਹੋਣਾ ਜ਼ਰੂਰੀ ਹੈ। ਪਰ ਜਦੋਂ ਤੋਂ ਪੂੰਜੀਵਾਦੀ ਦੌਰ ਨੇ ਆਪਣੇ ਪ੍ਰਭਾਵ ਅਧੀਨ ਆਪਣੇ ਮੁਨਾਫ਼ੇ ਲਈ ਵਰਤਣਾ ਸ਼ੁਰੂ ਕਰ ਦਿੱਤਾ, ਉਦੋਂ ਤੋਂ ਸਾਡੇ ਜੀਵਨ ਵਿਚ ਉਤਸ਼ਾਹ ਤੇ ਹੁਲਾਰਾਪਨ ਘੱਟ ਹੋ ਗਿਆ ਹੈ ਤੇ ਆਪਸ ਵਿਚ ਹੀਣ-ਭਾਵਨਾ ਵਧੇਰੇ ਵਧ ਗਈ ਹੈ।

ਕਹਾਣੀਕਾਰ ਜਰਨੈਲ ਸਿੰਘ ਨੇ ਕਹਾਣੀ ‘ਪੱਤਿਆਂ ਨਾਲ਼ ਢਕੇ ਜਿਸਮ’ ਵਿਚ ਫ਼ੈਸ਼ਨ ਦੇ ਪ੍ਰਭਾਵ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ। ਜਰਨੈਲ ਸਿੰਘ ਨੇ ਅਨੈਤਿਕਤਾ, ਕਾਮੁਕਤਾ ਤੇ ਨੰਗੇਜ ਪੁਣੇ ਦਾ ਫ਼ੈਸ਼ਨ ਦੇ ਮੁਕਾਬਲਿਆਂ ਵਜੋਂ ਜਿਨਸੀ ਵਪਾਰ ਦੀ ਸੱਚ ਦੀ ਪੇਸ਼ਕਾਰੀ ਕੀਤੀ ਹੈ।

“ਅੱਜ ਦੇ ਸ਼ੋਅ ਦੀਆਂ ਅਜੀਬ ਆਈਟਮਾਂ ਬਾਰੇ ਪਤਾ ਲੱਗ ਗਿਆ ਹੋਣੈ।”

“ਹਾਂ ਲੱਗ ਗਿਐ। ਦੇਖੋ ਪੋਲ-ਡੈਂਸ, ਸਟਰਿੱਪ-ਟੀਜ਼ ਦੀ ਆਈਟਮ ਏ, ਫ਼ੈਸ਼ਨ ਸ਼ੋਅ ਦੀ ਨਹੀਂ। ਪੱਤੇ ਮਨੁੱਖ ਦੇ ਜੰਗਲੀ-ਜੀਵਨ ਵੇਲੇ ਦੀ ਪੁਸ਼ਾਕ ਸੀ। ਉਦੋਂ ਕੱਪੜਾ ਹੋਂਦ ’ਚ ਹੀ ਨਹੀਂ ਆਇਆ ਤੇ ਹੁਣ ਐਨਾ ਕੱਪੜਾ-ਲੀੜਾ ਹੋਣ ਦੇ ਬਾਵਜੂਦ ਜੰਗਲ ਵੱਲ ਨੂੰ ਮੁੜਨ ਦਾ ਕੀ ਮਤਲਬ?....ਰੌਂਚ ਕਲਚਰ ਸਾਡੇ ਸਿਰਾਂ ਨੂੰ ਚੜ੍ਹ ਗਈ ਏ।”[10]

ਸਮਾਜ ਵਿਚ ਮਨੁੱਖ ਨੈਤਿਕ ਕਦਰਾਂ-ਕੀਮਤਾਂ, ਸਾਊਪੁਣੇ ਤੋਂ ਮੂੰਹ ਮੋੜੀ ਬੈਠਾ ਹੈ। ਕਹਾਣੀ ਵਿਚ ਮਿਸ਼ੈਲ ਤੇ ਮਨੀਸ਼ਾ ਨਾਂ ਦੀਆਂ ਮਾਡਲ ਸਨ ਤੇ ਉਨ੍ਹਾਂ ਤੋਂ ਇਲਾਵਾ ਹੋਰ ਵੀ ਮਾਡਲਾਂ ਹਨ ਜੋ ਫ਼ੈਸ਼ਨ ਸ਼ੋਅ ਵਿਚ ਆਪਣੇ ਜਲਵੇ ਦਿਖਾਉਣ ਆਈਆਂ ਸਨ। ਪਰ ਜਦੋਂ ਮਾਡਲਿੰਗ ਦੇ ਨਾਂ ਤੇ ਨੰਗੇਜ ਪੁਣਾ ਜਾਂ ਇੱਕ ਇੱਕ ਪੱਤੇ ਨਾਲ ਆਪਣਾ ਅੰਗ ਢੱਕਣ ਦੀ ਗੱਲ ਆਉਂਦੀ ਹੈ ਤਾਂ ਬਹੁਤ ਹੈਰਾਨ ਹੁੰਦੀ ਹੈ। ਮਨੀਸ਼ਾ ਦਾ ਈਵਾ ਨੂੰ ਕਹਿਣਾ ਹੈ ਕਿ ਪੱਤਿਆਂ ਵਾਲੀ ਆਈਟਮ

ਉਸ ਸਮੇਂ ਦੀ ਪੁਸ਼ਾਕ ਹੈ ਜਦੋਂ ਕੱਪੜਿਆਂ ਦੀ ਮਨੁੱਖ ਵੱਲੋਂ ਹੋਂਦ ਵੀ ਨਹੀਂ ਸੀ। ਮਨੁੱਖ ਨੂੰ ਕੱਪੜਿਆਂ ਦੀ ਸੋਚ-ਸਮਝ ਹੀ ਨਹੀਂ ਸੀ। ਪਰ ਹੁਣ ਬਹੁਤ ਸਾਰੇ ਡਿਜ਼ਾਈਨਰ ਕੱਪੜੇ ਬਣੇ ਹੋਏ ਹਨ। ਫਿਰ ਇਨ੍ਹਾਂ ਪੱਤਿਆਂ ਵਾਲੀ ਆਈਟਮ ਸਟੇਜ 'ਤੇ ਕਰਨ ਦਾ ਕੋਈ ਫ਼ਾਇਦਾ ਨਹੀਂ ਹੈ। ਇਹ ਕੋਈ ਫ਼ੈਸ਼ਨ ਸ਼ੋਅ ਨਹੀਂ ਨਿਰਾ ਨੰਗੇਜਪੁਣਾ ਹੈ।

ਜਰਨੈਲ ਸਿੰਘ ਨੇ ਕਹਾਣੀ 'ਪੱਤਿਆਂ ਨਾਲ਼ ਢਕੇ ਜਿਸਮ' ਵਿਚ ਔਰਤਾਂ ਦੀ ਆਜ਼ਾਦੀ ਮਿਲਣ ਸੰਬੰਧੀ ਨੈਤਿਕ ਕਦਰਾਂ-ਕੀਮਤਾਂ ਤੋਂ ਟੁੱਟੀਆਂ ਹੋਈਆ ਦਿਖਾਈਆ ਹਨ। ਕਹਾਣੀ ਵਿਚ ਜਰਨੈਲ ਸਿੰਘ ਨੇ ਨੈਤਿਕਤਾ ਤੋਂ ਟੁੱਟ ਰਹੀਆਂ ਤੇ ਨੰਗੇਜ ਤੇ ਕਾਮੁਕਤਾ ਵਲ ਵਧੇਰੇ ਉਤਸ਼ਾਹਿਤ ਹੋ ਰਹੀਆਂ ਔਰਤਾਂ ਬਾਰੇ ਇਸ ਤਰ੍ਹਾਂ ਪੇਸ਼ ਕੀਤਾ ਹੈ।

"ਆਜ਼ਾਦੀ ਦਾ ਹੋਕਾ ਦੇ ਰਹੀਆਂ ਮਾਡਲਾਂ, ਫ਼ਿਲਮੀ ਐਕਟਰੈੱਸਾਂ ਅਤੇ ਰੌਕ-ਸਟਾਰਾਂ ਸੁੰਦਰਤਾ ਨਹੀਂ ਕਾਮੁਕਤਾ ਪੇਸ਼ ਕਰ ਰਹੀਆਂ ਨੇ। ਉਨ੍ਹਾਂ ਦੀ ਦੇਖਾ-ਦੇਖੀ ਆਮ ਔਰਤਾਂ ਨੇ ਕਾਮ-ਉਕਸਾਊ ਫ਼ੈਸ਼ਨ ਅਪਣਾ ਲਿਆ ਏ। ਪਹਿਲਾਂ ਔਰਤਾਂ ਸੁਹਣੀਆਂ ਲੱਗਣ ਲਈ ਫ਼ੈਸ਼ਨ ਕਰਦੀਆਂ ਸਨ ਪਰ ਹੁਣ 'ਹੌਟ' ਲੱਗਣ ਲਈ ਕਰਦੀਆਂ ਨੇ। ਇਸ ਤਰ੍ਹਾਂ ਸੁੰਦਰਤਾ ਤੇ ਆਜ਼ਾਦੀ ਦਾ ਹੋਕਾ ਦੇ ਕੇ ਰੌਂਚੀਨੈੱਸ ਫੈਲਾਈ ਜਾ ਰਹੀ ਏ। ਵਪਾਰ ਤੇ ਮੀਡੀਆ ਰੌਂਚੀਨੈੱਸ ਨੂੰ ਘਰ-ਘਰ ਪਹੁੰਚਾ ਰਹੇ ਹਨ...... ਮੈਂ ਇਸ ਰੌਂਚ ਕਲਚਰ ਬਾਰੇ ਪੀ.ਐਚ.ਡੀ. ਕਰਨ ਦਾ ਫੈਸਲਾ ਕਰ ਚੁੱਕੀ ਹਾਂ।"[11]

ਸਮਾਜ ਵਿਚ ਫ਼ੈਸ਼ਨ ਦਾ ਸੰਬੰਧ ਔਰਤ ਜਾਤੀ ਨਾਲ ਵਧੇਰੇ ਜੋੜਿਆ ਜਾਂਦਾ ਹੈ। ਅਜੋਕੇ ਸਮੇਂ ਵਿਚ ਔਰਤਾਂ ਨੂੰ ਆਜ਼ਾਦੀ ਮਿਲਣ ਨਾਲ ਆਪਣਾ ਜੀਵਨ ਆਪਣੀ ਮਰਜ਼ੀ ਮੁਤਾਬਿਕ ਜੀਅ ਸਕਦੀਆਂ ਹਨ। ਪਰ ਔਰਤਾਂ ਦਾ ਸੰਬੰਧ ਮੰਡੀਕਰਨ ਜਾਂ ਵਪਾਰੀਕਰਨ ਨਾਲ ਜੋੜ ਕੇ ਉਨ੍ਹਾਂ ਨੂੰ ਭੋਗਣ ਦੀ ਵਸਤੂ ਬਣਾ ਕੇ ਰੱਖ ਦਿੱਤਾ ਹੈ। ਪੁਰਾਤਨ ਸਮੇਂ ਵਿਚ ਔਰਤਾਂ ਪਹਿਲਾ ਆਪਣੇ ਆਪ ਨੂੰ ਦੂਜੀਆਂ ਔਰਤਾਂ ਨਾਲੋਂ ਖ਼ੂਬਸੂਰਤ ਦਿਖਾਉਣ ਲਈ ਫ਼ੈਸ਼ਨ ਵਲ ਵਧੇਰੇ ਰੁਚੀ ਰੱਖਦੀਆਂ ਸਨ, ਪਰ ਹੁਣ ਔਰਤਾਂ ਆਪਣੇ ਆਪ ਨੂੰ ਦੂਜਿਆਂ ਦਾ ਉਸ ਵਲ ਆਕਰਸ਼ਿਤ ਹੋਣਾ ਲੋਚਦੀਆਂ ਹਨ। ਸਮਾਜ ਵਿਚ ਆਕਰਸ਼ਿਤ ਪਨ ਨੂੰ ਵਪਾਰ ਤੇ ਮੀਡੀਆ ਦੁਆਰਾ ਵਧਾ ਚੜ੍ਹਾ ਕੇ ਦੱਸਿਆ ਜਾਂਦਾ ਹੈ।

ਸੰਸਾਰ ਵਿਚ ਪੂੰਜੀਵਾਦੀ ਦੌਰ ਦੇ ਪ੍ਰਭਾਵ ਅਧੀਨ ਹਰ ਇੱਕ ਚੀਜ਼ ਖ਼ਰੀਦੀ ਤੇ ਵੇਚੀ ਜਾ ਸਕਦੀ ਹੈ ਤੇ ਵੱਧ ਤੋਂ ਵੱਧ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਫ਼ੈਸ਼ਨ ਦੀ ਦੁਨੀਆ ਵਿਚ ਵੀ ਕਲਾ ਨੂੰ ਲੁੱਟ ਦਾ ਆਧਾਰ ਬਣਾ ਕੇ

ਵੱਡੇ ਪੱਧਰ ’ਤੇ ਮੁਨਾਫ਼ੇ ਲਈ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਫ਼ੈਸ਼ਨ ਦੇ ਪ੍ਰਭਾਵ ਅਧੀਨ ਜਿਨਸੀ ਸ਼ੋਸ਼ਣ ਦਾ ਮਸਲਾ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ’ਤੇ ਅਤਿ ਗੰਭੀਰ ਮਸਲਾ ਬਣ ਚੁੱਕਾ ਹੈ।

ਇਸ ਤਰ੍ਹਾਂ ਜਰਨੈਲ ਸਿੰਘ ਨੇ ਕਹਾਣੀਆਂ ਵਿਚ ਸੰਸਾਰ ਵਿਚ ਹੋ ਰਹੇ ਵਿਸ਼ਵੀਕਰਨ ਜਾਂ ਵਪਾਰੀਕਰਨ ਕਾਰਨ ਹੋ ਰਹੇ ਮਸਲਿਆਂ ਨੂੰ ਨਿੱਠ ਕੇ ਪੇਸ਼ ਕੀਤਾ ਹੈ। ਪੂੰਜੀਵਾਦੀ ਦੌਰ ਵਿਚ ਮਨੁੱਖ ਸਭ ਕੁਝ ਇਕੋਂ ਸਮੇਂ ’ਚ ਹਾਸਿਲ ਕਰਨਾ ਚਾਹੁੰਦਾ ਹੈ, ਜਿਸ ਕਰ ਕੇ ਉਹ ਆਪਸੀ ਰਿਸ਼ਤਿਆਂ ਜਾਂ ਮਨੁੱਖ ਦਾ ਮਨੁੱਖ ਦਾ ਟੁੱਟ ਜਾਣਾ ਆਦਿ ਕਿਸੇ ਚੀਜ਼ ਦੀ ਪਰਵਾਹ ਨਹੀਂ ਕਰਦਾ।

## ਹਵਾਲੇ ਟਿੱਪਣੀਆਂ

1. ਬਲਦੇਵ ਸਿੰਘ ਧਾਲੀਵਾਲ, ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਪੰਨਾ- 56

2. ਉਹੀ, ਪੰਨਾ - 72

3. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ- 28

4. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ- 52

5. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ- 53

6. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ- 45

7. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ- 13

8. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ- 107

9. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ- 46,47

10. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ- 64

11. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ- 69

# ਅਧਿਆਇ – ਚੌਥਾ

# ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਦਾ ਆਧਾਰ 'ਤੇ ਸਾਹਿਤਕ ਸਰੋਕਾਰਾਂ ਦਾ ਅਧਿਐਨ

ਜਰਨੈਲ ਸਿੰਘ ਪੰਜਾਬੀ ਸਾਹਿਤ ਵਿਚ ਅਜਿਹਾ ਕਹਾਣੀਕਾਰ ਹੈ, ਜਿਸ ਨੇ ਆਪਣੀਆਂ ਕਹਾਣੀਆਂ ਵਿਚ ਪਰਵਾਸੀ ਪੰਜਾਬੀਆਂ ਦੇ ਜੀਵਨ ਅਨੁਭਵ ਤੋਂ ਬਹੁਤ ਕੁੱਝ ਵਾਚਿਆ ਹੈ। ਕਹਾਣੀਕਾਰ ਦੀਆਂ ਕਹਾਣੀਆਂ ਨੂੰ ਸਮਾਜ ਵਿਚਲੇ ਕਿਸੇ ਨਾ ਕਿਸੇ ਮਸਲਿਆਂ ਨੂੰ ਸਰੋਕਾਰਾਂ ਨਾਲ ਜੋੜਦਿਆਂ ਦੇਖਿਆ ਜਾ ਸਕਦਾ ਹੈ। ਜਰਨੈਲ ਸਿੰਘ ਦੀਆਂ ਕਹਾਣੀਆਂ ਵਿਚ ਸਮਾਜਿਕ, ਆਰਥਿਕ, ਰਾਜਨੀਤਕ, ਪਰਿਵਾਰਿਕ, ਇਤਿਹਾਸਕ ਆਦਿ ਸਰੋਕਾਰ ਪਾਏ ਜਾਂਦੇ ਹਨ।

### 4.1 ਸਮਾਜਿਕ ਸਰੋਕਾਰ

ਹਰ ਇੱਕ ਮਨੁੱਖ ਸਮਾਜ ਵਿਚ ਰਹਿੰਦਿਆਂ ਹੋਇਆ ਬਹੁਤ ਕੁੱਝ ਸਿੱਖਦਾ ਹੈ, ਕਿਉਂਕਿ ਉਸ ਦਾ ਪਰਿਵਾਰ ਵਿਚ ਰਹਿ ਕੇ ਸਭ ਕੁੱਝ ਸਿੱਖਣਾ ਅਸੰਭਵ ਹੈ। ਸਮਾਜ ਵਿਚ ਮਨੁੱਖੀ ਨਸਲ ਇੱਕ ਅਜਿਹੀ ਜੀਵ - ਵੰਨਗੀ ਹੈ, ਜੋ ਪੂਰੀ ਤਰ੍ਹਾਂ

ਸਮਾਜਿਕ, ਸਭਿਆਚਾਰਕ ਵਿਰਸੇ ’ਤੇ ਨਿਰਭਰ ਕਰਦੀ ਹੈ। ਜਦ ਤੋਂ ਬੱਚਾ ਦੁਨੀਆ ਵਿਚ ਪੈਦਾ ਹੁੰਦਾ ਹੈ ਤਾਂ ਉਹ ਥੋੜ੍ਹੇ ਸਮੇਂ ਬਾਅਦ ਹੀ ਹੁੰਗਾਰਾ ਭਰਨਾ ਸ਼ੁਰੂ ਕਰ ਦਿੰਦਾ ਹੈ, ਕਿਉਂਕਿ ਸਮਾਜੀਕਰਨ ਦਾ ਮਨੁੱਖੀ ਵਿਵਹਾਰ ਤੇ ਮਨੁੱਖ ਦੀ ਮਾਨਸਿਕਤਾ ਦੇ ਵਿਕਾਸ ਦਾ ਬੱਚੇ ਉੱਪਰ ਬੇਹੱਦ ਪ੍ਰਭਾਵ ਪਾਉਂਦੇ ਹਨ। ਸਮਾਜ ਵਿਚ ਰਹਿ ਕੇ ਹੀ ਬੱਚਾ ਆਪਣੇ ਜੀਵਨ ਨੂੰ ਨਵੇਂ ਨਜ਼ਰੀਏ ਨਾਲ ਜਿਊਣਾ ਸਿੱਖਦਾ ਹੈ, ਕਿਉਂਕਿ ਸਮਾਜ ਵਿਚ ਹਰ ਇੱਕ ਤਰ੍ਹਾਂ ਦੇ ਲੋਕ ਰਹਿੰਦੇ ਹਨ। ਸਮਾਜ ਵਿਚ ਵੱਖ-ਵੱਖ ਤਰ੍ਹਾਂ ਦੇ ਵਿਚਰ ਰਹੇ ਲੋਕ ਪੜ੍ਹੇ - ਲਿਖੇ, ਅਨਪੜ੍ਹ, ਜਵਾਨ, ਬੁੱਢੇ, ਅਮੀਰ, ਗ਼ਰੀਬ, ਦੋਸਤ ਆਦਿ ਤੋਂ ਬੱਚਾ ਬਹੁਤ ਕੁੱਝ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਬੱਚਾ ਇਨ੍ਹਾਂ ਸਮਾਜਿਕ ਰਿਸ਼ਤਿਆਂ ਵਿਚ ਬੱਝ ਕੇ ਬਹੁਤ ਕੁੱਝ ਗ੍ਰਹਿਣ ਕਰਨ ਦੀ ਸ਼ਕਤੀ ਰੱਖਦਾ ਹੈ।

ਪਰਵਾਸੀ ਪੰਜਾਬੀ ਪੱਛਮੀ ਸਭਿਆਚਾਰ ਵਿਚ ਬੱਝ ਕੇ ਆਪਣਾ ਜੀਵਨ ਬਤੀਤ ਕਰਦੇ ਹਨ। ਉਹ ਲੋਕ ਪੱਛਮੀ ਸਭਿਆਚਾਰ ਅਨੁਸਾਰ ਹੀ ਆਪਣਾ ਜੀਵਨ ਢਾਲ ਲੈਂਦੇ ਹਨ ਜਾਂ ਉਨ੍ਹਾਂ ਨੂੰ ਆਪਣੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦੇ ਹਨ। ਸਮਾਜ ਵਿਚ ਰਹਿੰਦਿਆਂ ਮਨੁੱਖ ਬਹੁਤ ਸਾਰਿਆਂ ਰਿਸ਼ਤਿਆਂ ਵਿਚ ਬੱਝ ਜਾਂਦਾ ਹੈ ਜਿਵੇਂ ਮਾਂ, ਪਿਉ, ਭੈਣ, ਭਰਾ, ਦੋਸਤ, ਰਿਸ਼ਤੇਦਾਰ ਆਦਿ। ਪਰਵਾਸੀ ਪੰਜਾਬੀ ਪੱਛਮੀ ਸਮਾਜਿਕ ਕਦਰਾਂ-ਕੀਮਤਾਂ ਵਿਚ ਬੱਝ ਜਾਂਦਾ ਹੈ। ਪਰਵਾਸੀ ਪੰਜਾਬੀ ਵਿਦੇਸ਼ਾਂ ਵਿਚ ਵੱਧ ਪੈਸਾ ਕਮਾਉਣ ਦੀ ਲਾਲਸਾ, ਪੱਛਮੀ ਦੇਸ਼ਾਂ ਦੀ ਖਿੱਚ, ਰਿਸ਼ਤਿਆਂ ਦੀ ਟੁੱਟ-ਭੱਜ, ਇੱਕ-ਦੂਜੇ ਨੂੰ ਆਪਣੇ ਤੋਂ ਵਧਾ-ਚੜ੍ਹਾ ਕੇ ਦਿਖਾਵਾ ਕਰਨਾ, ਪੀੜ੍ਹੀ-ਪਾੜ੍ਹਾ, ਸਭਿਆਚਾਰਕ ਤਣਾਅ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਸ਼ਵੀਕਰਨ ਦਾ ਦੌਰ ਨੇ ਮਨੁੱਖ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਇਸ ਦੌਰ ਨੇ ਇੱਕ ਮਨੁੱਖ ਨੂੰ ਦੂਜੇ ਮਨੁੱਖ ਤੋਂ ਪਿੱਛੇ ਕਰ ਦਿੱਤਾ ਹੈ। ਵਿਸ਼ਵੀਕਰਨ ਨੇ ਇੱਕ ਮਨੁੱਖ ਨੂੰ ਹੀ ਨਹੀਂ ਪੂਰੇ ਵਿਸ਼ਵ ਨੂੰ ਪ੍ਰਭਾਵਿਤ ਕੀਤਾ ਹੈ। ਇਸ ਸੰਬੰਧੀ ਰਵਿੰਦਰ ਰਵੀ ਨੇ ਆਪਣੀ ਕਵਿਤਾ ਵਿਚ ‘ਵਿਸ਼ਵੀਕਰਨ’ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ।

“ਉਸਨੂੰ ਪਤਾ ਹੈ ਕਿ ਹਰ ਦੇਸ਼

ਗਿਣਤੀ ਦੇ ਕੁੱਝ ਹੱਥਾਂ ’ਚ ਖਿਡੌਣਾ ਹੈ

ਇੰਨ੍ਹਾਂ ਹੱਥਾਂ ਦੇ ਉਹ ਚੱਪੂ ਚਲਾ ਰਿਹਾ ਹੈ।

ਗੀਤ ਗਾ,

ਆਪਣਾ ਰਾਹ ਬਣਾ ਰਿਹਾ ਹੈ।

ਉਂਗਲੀ ’ਤੇ ਗਲੋਬ ਘੁਮਾ ਰਿਹਾ ਹੈ।”[1]

ਪਰਵਾਸੀ ਪੰਜਾਬੀਆਂ ਸਮਾਜ ਅਤੇ ਸਭਿਆਚਾਰ ਦੀਆਂ ਬਹੁਤ ਸਾਰੀਆਂ ਪਰਿਸਥਿਤੀਆਂ ਨਾਲ ਜੁੜਿਆਂ ਹੁੰਦਾ ਹੈ। ਪੰਜਾਬੀਆਂ ਦਾ ਪਰਵਾਸ ਧਾਰਨ ਕਰਨ ’ਤੇ ਉਨ੍ਹਾਂ ਦੇ ਜੀਵਨ ਵਿਚ ਕਈ ਸਮੱਸਿਆਵਾਂ ਆ ਜਾਂਦੀਆਂ ਹਨ। ਪਰਵਾਸੀ ਪੰਜਾਬੀਆਂ ਲਈ ਜ਼ਿੰਦਗੀ ਦੀਆਂ ਵਧਦੀਆਂ ਲੋੜਾਂ, ਓਵਰ ਟਾਈਮ ਲਈ ਚਿੜਚਿੜਾਪਣ, ਅਸ਼ਾਂਤੀ ਤੇ ਗ੍ਰਹਿਸਤੀ ਦੇ ਟੁੱਟਣ ਦੀਆਂ ਸੰਭਾਵਨਾਵਾਂ ਵਧੇਰੇ ਵਧ ਜਾਂਦੀਆਂ ਹਨ। ਕਹਾਣੀਕਾਰ ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ ‘ਕਾਲ਼ੇ ਵਰਕੇ’ ਵਿਚ ਕਹਾਣੀ ‘ਹੜ੍ਹ’ ਵਿਚ ਇਸ ਤਰ੍ਹਾਂ ਪੇਸ਼ ਕਰਦਾ ਹੈ।

“ਤੂੰ ਇਕੱਲੀ ਹੈਂ ! ਪੌਲ ਕਿੱਥੇ ਹੈ?” ਜੈਫ਼ਰੀ ਨੇ ਪੁੱਛਿਆ।

“ਸਟੋਰ ’ਤੇ ਬਿਜ਼ੀ ਆ।” ਐਰਿਕਾ ਨੇ ਦੱਸਿਆ।

“ਇਹੋ ਜਿਹਾ ਸੁਆਵਣਾ ਵੀਕ-ਐਂਡ ਹੈ। ਉਸ ਨੇ ਸਟੋਰ ’ਤੇ ਨਹੀਂ, ਇੱਥੇ ਤੇਰੇ ਨਾਲ਼ ਹੋਣਾ ਚਾਹੀਦਾ ਸੀ।”

“ਬੈਕ-ਹੋਮ ਪੈਸਿਆਂ ਦੀ ਜ਼ਰੂਰਤ ਹੈ ਤੇ ਨਾਲ਼ੇ ਕਹਿੰਦੈ ਭਰਾ ਨੂੰ ਪੈਰਾਂ ’ਤੇ ਕਰਨਾ ਹੈ।” ਐਰਿਕਾ ਅੰਦਰਲੀ ਪ੍ਰੇਸ਼ਾਨੀ ਉਸ ਦੇ ਚਿਹਰੇ ’ਤੇ ਰੇਖਾਂਕਿਤ ਹੋ ਗਈ।

“ਇਹ ਇੰਡੀਅਨ ਬੰਦੇ ਕੰਮ ਤਾਂ ਬਹੁਤ ਕਰਦੇ ਐ ਪਰ ਜ਼ਿੰਦਗੀ ਨੂੰ ਮਾਣ ਨਹੀਂ ਸਕਦੇ। ਗੋਲਡਨ ਐਵੀਨਿਓ ਵਾਲ਼ਾ ਸਟੋਰ ਵੀ ਇੱਕ ਇੰਡੀਅਨ ਕੋਲ਼ ਹੈ। ਉਹ ਤੇ ਉਹਦੀ ਪਤਨੀ, ਸੱਤੇ ਦਿਨ ਸਟੋਰ ’ਤੇ ਹੁੰਦੇ ਐ। ਨਾ ਕੋਈ ਇੰਜੁਆਇਮੈਂਟ ਨਾ ਕੋਈ ਫ਼ੰਨ। ਇਹ ਵੀ ਕੋਈ ਜ਼ਿੰਦਗੀ ਐ।”[2]

ਸਮਾਜ ਵਿਚ ਰਹਿੰਦਿਆਂ ਮਨੁੱਖ ਸਮਾਜਿਕ ਕਦਰਾਂ-ਕੀਮਤਾਂ ਵਿਚ ਬੱਝ ਕੇ ਵਿਚਰਦਾ ਹੈ। ਇਵੇਂ ਹੀ ਪੂੰਜੀਵਾਦ ਸਮਾਜ ਕਰ ਕੇ ਮਨੁੱਖ ਵੱਧ ਪੈਸਾ ਕਮਾਉਣ ਲਈ ਆਪਣੇ ਰਿਸ਼ਤਿਆਂ ਦੀ ਅਹਿਮੀਅਤ ਵੀ ਭੁੱਲ ਜਾਂਦਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਨੇ ਮਨੁੱਖ ਨੂੰ ਆਪਣਾ ਗ਼ੁਲਾਮ ਬਣਾ ਲਿਆ ਹੈ। ਮਨੁੱਖ ਆਪਣੇ ਆਪ ਵਿਚ ਹੀ ਉਲਝਿਆ ਹੋਇਆ ਹੈ। ਉਸ ਨੂੰ ਪਰਵਾਸ ਧਾਰਨ ਕਰਨ ’ਤੇ ਇੰਡੀਆ ਰਹਿ ਰਹੇ ਪਰਿਵਾਰ ਵੱਲੋਂ ਪੈਸੇ ਭੇਜਣ ਤੇ ਵੱਧ ਪੈਸੇ ਕਮਾਉਣ ਦੀ ਲਾਲਸਾ ਕਰ ਕੇ ਆਪਣੇ ਰਿਸ਼ਤਿਆਂ ਵੱਲੋਂ ਮੂੰਹ ਮੋੜ ਰਹੇ ਹਨ। ਕਹਾਣੀ ‘ਹੜ੍ਹ’ ਵਿਚ ਐਰਿਕਾ ਜਦੋਂ ਘਰ ਬੈਠੇ ਬੋਰ ਹੋ ਜਾਂਦੀ ਹੈ ਤਾਂ ਉਹ ਸੁਖਪਾਲ ਨੂੰ ਬਾਹਰ ਘੁੰਮਣ ਜਾਣ ਲਈ ਕਹਿੰਦੀ ਹੈ ਪਰ ਉਸ ਦੇ ਮਨ੍ਹਾਂ ਕਰਨ ’ਤੇ ਐਰਿਕਾ ਖ਼ੁਦ ਹੀ ਵੈਸਟ-ਐਂਡ ਬੀਚ ’ਤੇ ਚੱਲੀ ਜਾਂਦੀ ਹੈ। ਉੱਥੇ ਉਸ ਨੂੰ ਜੈਫ਼ਰੀ ਮਿਲ ਜਾਂਦਾ ਹੈ ਤੇ ਉਹ ਇੰਡੀਅਨ ਲੋਕਾਂ ਦੀ ਪੈਸੇ ਵੱਲ ਵਧਦੀ ਲਾਲਸਾ ਬਾਰੇ ਐਰਿਕਾ ਨੂੰ ਦੱਸਦਾ ਹੈ ਤੇ ਐਰਿਕਾ ਅੰਦਰ ਸੁਖਪਾਲ ਪ੍ਰਤੀ ਤੀਖਣ ਭਾਵਨਾ ਵਧ ਜਾਂਦੀ ਹੈ। ਇਸ ਤਰ੍ਹਾਂ ਪਰਵਾਸੀ ਪੰਜਾਬੀ ਪੈਸੇ ਦੇ ਲਾਲਸਾ ਵਿਚ ਆਪਣੇ ਰਿਸ਼ਤੇ, ਪਰਿਵਾਰ ਤੇ ਨੈਤਿਕ ਕਦਰਾਂ-ਕੀਮਤਾਂ ਤੋਂ ਟੁੱਟ ਜਾਂਦਾ ਹੈ।

ਕਹਾਣੀਕਾਰ ਜਰਨੈਲ ਸਿੰਘ ਨੇ ਕਹਾਣੀ ‘ਹੜ੍ਹ’ ਵਿਚ ਵਿਸ਼ਵੀਕਰਨ ਦੇ ਦੌਰ ਦੇ ਪ੍ਰਭਾਵ ਅਧੀਨ ਪੂੰਜੀਵਾਦ ਤੇ ਵਪਾਰ ਵਿਚ ਹੋ ਰਹੇ ਮੁਨਾਫ਼ਿਆਂ ਕਾਰਨ ਟੁੱਟ – ਭੱਜ ਰਹੀ ਨੈਤਿਕਤਾ ’ਤੇ ਪੈ ਰਹੇ ਪ੍ਰਭਾਵ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ।

“ਕੁਦਰਤ ਦੇ ਨਕਸ਼ਾਂ ਦੀ ਭੰਨ-ਤੋੜ ਸ਼ਿਪਿੰਗ-ਕੰਪਨੀਆਂ ਨੇ ਵੀ ਕੀਤੀ ਹੈ। ਜਹਾਜ਼ਰਾਨੀ ਵਾਸਤੇ ਕੁਦਰਤੀ ਜਲ-ਮਾਰਗ ਹੈਗੇ ਸਨ ਪਰ ਸ਼ਿਪਿੰਗ-ਕੰਪਨੀਆਂ ਨੇ ਉਨ੍ਹਾਂ ਦੀ ਰੱਦੋਬਦਲ ਕਰ ਕੇ ਸਿੱਧੇ ਜਲ-ਮਾਰਗ ਬਣਾ ਲਏ। ਸਮੁੰਦਰੀ ਜਹਾਜ਼ਾਂ ਦੀ ਵਾਟ ਘਟਾ ਕੇ ਇਨ੍ਹਾਂ ਨੇ ਆਪਣੇ ਵੀ ਅਤੇ ਜਿਹੜੀਆਂ ਵਪਾਰਕ ਕੰਪਨੀਆਂ ਦੀਆਂ ਚੀਜ਼ਾਂ-ਵਸਤਾਂ ਦੀ ਇਹ ਢੋਅ-ਢੁਆਈ ਕਰਦੀਆਂ ਨੇ, ਉਨ੍ਹਾਂ ਦੇ ਵੀ ਮੁਨਾਫ਼ੇ ਤਾਂ ਵਧਾ ਲਏ ਪਰ ਸ਼ਹਿਰ ਦੀ ਸੁਰੱਖਿਆ ਅੱਖੋਂ ਓਹਲੇ ਕਰ ਦਿੱਤੀ। ਮੰਨਦੇ ਆਂ ਪਈ ਤੇਲ, ਗੈਸ ਅਤੇ ਸ਼ਿਪਿੰਗ-ਕੰਪਨੀਆਂ ਦੇ ਸਿਰ ’ਤੇ ਸਾਡੇ ਲੋਕਾਂ ਦੀ ਰੋਜ਼ੀ-ਰੋਟੀ ਚਲਦੀ ਹੈ ਪਰ ਇਨ੍ਹਾਂ ਦਾ ਮੁਨਾਫਾਖੋਰੀ ਦਾ ਹੜ੍ਹ, ਸ਼ਹਿਰ ਲਈ ਬਰਬਾਦੀ ਦਾ ਹੜ੍ਹ ਨਹੀਂ ਬਣਨਾ ਚਾਹੀਦਾ।” ਗੱਲ ਕਰਦੇ ਲਖਬੀਰ ਦੇ ਚਿਹਰੇ 'ਤੇ ਕ੍ਰੋਧ ਉੱਭਰ ਆਇਆ ਸੀ।

"ਦੋਸ਼ ਵਪਾਰਕ ਅਦਾਰਿਆਂ ਦਾ ਹੀ ਨਹੀਂ, ਲੋਕਾਂ ਦਾ ਵੀ ਹੈ। ਤੇਲ, ਪੈਟਰੋਲ, ਗੈਸ ਅਤੇ ਹੋਰ ਬਣਦੀਆਂ-ਵਿਕਦੀਆਂ ਬੇਸ਼ੁਮਾਰ ਚੀਜ਼ਾਂ ਖ਼ਰੀਦਦਾ ਕੌਣ ਹੈ? ਅਸੀਂ। ਲੋੜ ਤੋਂ ਕਿਤੇ ਵੱਧ। ਸਾਡੀ, ਚੀਜ਼ਾਂ ਦੀ ਵਧਦੀ ਜਾ ਰਹੀ ਭੁੱਖ ਦਾ ਫ਼ਾਇਦਾ ਉਠਾ ਕੇ ਵਪਾਰਕ ਅਦਾਰਿਆਂ ਨੇ ਚੀਜ਼ਾਂ ਦਾ ਹੜ੍ਹ ਵਗਾ ਦਿੱਤੈ ਤੇ ਅਸੀਂ ਉਸ ਹੜ੍ਹ ਵਿਚ ਰੁੜ੍ਹ ਗਏ ਹਾਂ।"[3]

ਸਮਾਜ ਵਿਚ ਵਿਸ਼ਵੀਕਰਨ ਦੇ ਦੌਰ ਨੇ ਮਨੁੱਖ ਨੂੰ ਮਨੁੱਖ ਨਾਲੋਂ ਤੋੜ ਕੇ ਰੱਖ ਦਿੱਤਾ ਹੈ। ਵਿਸ਼ਵ ਵਿਚ ਸਿਰਫ਼ ਮਨੁੱਖ ਹੀ ਮਨੁੱਖ ਨੂੰ ਪਿੱਛੇ ਕਰਨ ਲਈ ਨਹੀਂ ਸਗੋਂ ਇੱਕ ਦੇਸ਼ ਦੂਜੇ ਦੇਸ਼ ਨੂੰ ਪਿੱਛੇ ਕਰਨ ਵਿਚ ਲੱਗਾ ਹੋਇਆ ਹੈ। ਇਨ੍ਹਾਂ ਦੇਸ਼ਾਂ ਦੀਆਂ ਵਪਾਰਕ ਕੰਪਨੀਆਂ ਨੇ ਮੁਨਾਫ਼ੇ ਲਈ ਆਪਣੇ ਸੰਬੰਧ ਦੂਜੀਆਂ ਦੇਸ਼ਾਂ ਦੀਆਂ ਕੰਪਨੀਆਂ ਨਾਲ ਬਣਾਏ ਹਨ। ਪਰ ਇਸ ਮੁਨਾਫ਼ੇਖ਼ੋਰੀ ਲਈ ਵਪਾਰਕ ਕੰਪਨੀਆਂ ਨੇ ਭੋਲੇ - ਭਾਲੇ ਮਨੁੱਖਾਂ ਨੂੰ ਪੂਰੀ ਤਰ੍ਹਾਂ ਪੀਸ ਕੇ ਰੱਖ ਦਿੱਤਾ ਹੈ। ਇਨ੍ਹਾਂ ਕੰਪਨੀਆਂ ਨੇ ਆਪਣੇ ਮੁਨਾਫ਼ੇ ਅਤੇ ਲੋਕਾਂ ਦੀ ਇਨ੍ਹਾਂ ਚੀਜ਼ਾਂ ਦੀ ਭੁੱਖ ਨੇ ਮਨੁੱਖ ਨੂੰ ਵਗਦੇ ਹੜ੍ਹ ਵਿਚ ਵਹਾ ਦਿੱਤਾ ਹੈ ਤੇ ਲੋਕ ਇਸ ਹੜ੍ਹ ਵਿਚ ਰੁੜ੍ਹਦੇ ਜਾ ਰਹੇ ਹਨ। ਇਸ ਤਰ੍ਹਾਂ ਲੋਕਾਂ ਦੇ ਜੀਵਨ ਵਿਚ ਕੁਦਰਤੀ ਹੜ੍ਹ ਨਹੀਂ ਸਗੋਂ ਵਿਸ਼ਵੀਕਰਨ ਦੇ ਦੌਰ ਕਾਰਨ ਜੀਵਨ ਵਿਚ ਆਇਆ ਹੜ੍ਹ ਉਨ੍ਹਾਂ ਨੂੰ ਰੋੜ ਕੇ ਲੈ ਗਿਆ ਹੈ ਤੇ ਉਹ ਇਸ ਵਿਚ ਰੁੜ੍ਹ ਦੇ ਜਾ ਰਹੇ ਹਨ।

### 4.2 ਆਰਥਿਕ ਸਰੋਕਾਰ

ਸਮਾਜ ਵਿਚ ਆਰਥਿਕ ਸਰੋਕਾਰਾਂ ਦੀ ਮਹੱਤਤਾ ਮਨੁੱਖ ਦੀ ਦਸ਼ਾ ਤੇ ਦਿਸ਼ਾ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਪਰਵਾਸੀ ਪੰਜਾਬੀ ਆਰਥਿਕ ਮੰਦਹਾਲੀ ਜਾਂ ਆਰਥਿਕ ਹਾਲਤ ਨੂੰ ਸੁਧਾਰਨ ਲਈ ਪਰਵਾਸ ਧਾਰਨ ਕਰਦਾ ਹੈ। ਜਦੋਂ ਮਨੁੱਖ ਪਰਵਾਸ ਧਾਰਨ ਕਰਨ ਪਿੱਛੋਂ ਆਪਣੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਕੰਮ ਕਰਨ ਵਿਚ ਜੁੱਟ ਜਾਂਦਾ ਹੈ ਤਾਂ ਉਸ ਨੂੰ ਸਮਾਜ ਵਿਚ ਰਹਿੰਦਿਆਂ ਬਹੁਤ ਸੰਘਰਸ਼ ਕਰਨਾ ਪੈਂਦਾ ਹੈ। ਆਰਥਿਕ ਮੰਦਹਾਲੀ ਨੇ ਕਿਸੇ ਇੱਕ ਮਨੁੱਖ ਨੂੰ ਨਹੀਂ ਸਗੋਂ ਪੂਰੇ ਵਿਸ਼ਵ ਨੂੰ ਪ੍ਰਭਾਵਿਤ ਕੀਤਾ ਹੈ। ਜਦੋਂ ਪਰਵਾਸੀ ਪੰਜਾਬੀ ਗ਼ਰੀਬੀ ਜਾਂ ਬੇਰੁਜ਼ਗਾਰੀ ਕਰ ਕੇ ਆਪਣੇ ਦੇਸ਼ ਨੂੰ ਛੱਡ ਕੇ ਪਰਵਾਸ ਧਾਰਨ ਕਰਦਾ ਹੈ ਤਾਂ ਉਸ ਨੂੰ ਪੱਛਮੀ ਸਭਿਆਚਾਰ ਵਿਚ ਰਹਿ ਕੇ ਸੰਘਰਸ਼ ਕਰਨਾ ਪੈਂਦਾ ਹੈ।

ਮਨੁੱਖ ਨੂੰ ਸਮਾਜ ਵਿਚ ਰਹਿੰਦਿਆਂ ਅਨੇਕਾਂ ਸੰਘਰਸ਼ ਕਰਨੇ ਪੈਂਦੇ ਹਨ। ਕਈ ਵਾਰ ਮਨੁੱਖ ਨੂੰ ਸਮਾਜ ਲਈ, ਆਪਣੇ ਪਰਿਵਾਰ ਲਈ, ਆਪਣੀ ਆਰਥਿਕਤਾ ਨੂੰ ਸੁਧਾਰਨ ਲਈ ਜਾਂ ਆਪਣੇ ਲਈ ਸੰਘਰਸ਼ ਕਰਨਾ ਪੈਂਦਾ ਹੈ। ਮਨੁੱਖ

ਮੁੱਢ ਤੋਂ ਹੀ ਸੰਘਰਸ਼ ਕਰਦਾ ਆਇਆ ਹੈ ਤੇ ਹੁਣ ਤਕ ਸੰਘਰਸ਼ ਕਰਦਾ ਰਿਹਾ ਹੈ। ਅੱਜ ਦੇ ਸਮੇਂ ਵਿਚ ਮਨੁੱਖ ਪੂਰੀ ਤਰ੍ਹਾਂ ਆਜ਼ਾਦ ਹੁੰਦਾ ਹੋਇਆ ਵੀ ਸੰਘਰਸ਼ ਦੇ ਪੜਾਅ ਪਾਰ ਕਰ ਰਿਹਾ ਹੈ। ਜਿਵੇਂ ਜਿਵੇਂ ਮਨੁੱਖ ਸੰਘਰਸ਼ ਕਰਨ ਉਪਰੰਤ ਇੱਛਾਵਾਂ ਪੂਰੀਆਂ ਕਰਨਾ ਲੋਚਦਾ ਹੈ। ਇਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਉਸ ਵਿਚ ਪੈਸੇ ਦੀ ਲਾਲਸਾ ਵਧਦੀ ਜਾਂਦੀ ਹੈ ਤੇ ਉਹ ਕਾਮਨਾਵਾਂ ਦੀ ਪੂਰਤੀ ਲੋਚਦਾ ਹੈ। ਮਨੁੱਖ ਇਨ੍ਹਾਂ ਕਾਮਨਾਵਾਂ ਦੀ ਪੂਰਤੀ ਲਈ ਆਪਣੇ ਪਰਿਵਾਰ ਤੇ ਉਸ ਨਾਲ ਜੁੜੀਆਂ ਉਨ੍ਹਾਂ ਦੀਆਂ ਇੱਛਾਵਾਂ ਬਾਰੇ ਵੀ ਨਹੀਂ ਸੋਚਦਾ, ਜਿਸ ਕਰ ਕੇ ਪਰਿਵਾਰ ਟੁੱਟ ਰਹੇ ਹਨ।

ਇਸ ਸੰਬੰਧੀ ਕਹਾਣੀਕਾਰ ਜਰਨੈਲ ਸਿੰਘ ਨੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਕਹਾਣੀ 'ਹੜ੍ਹ' ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ।

"ਸੁਖਪਾਲ ਦਾ ਮਨ ਵੀ ਆਪਣੇ ਭਰੇ-ਭਕੁੰਨੇ ਘਰ ਅਤੇ ਦੋ ਸਟੋਰਾਂ ਨੂੰ ਸੁੰਨੇ ਛੱਡ ਕੇ ਜਾਣ ਲਈ ਨਹੀਂ ਸੀ ਮੰਨਿਆ। ਪਰ ਉਸ ਦੇ ਮਨ 'ਚ ਕੁੱਝ ਹੋਰ ਵੀ ਸੀ - ਮਾੜੇ ਮੌਸਮ ਵਿਚ ਵੱਧ ਡਾਲਰ ਕਮਾਉਣ ਦਾ ਲੋਭ। ਸੰਨ 2004 ਦੇ ਛੋਟੇ 'ਹਰੀਕੇਨ ਇਵਾਨ' ਦੌਰਾਨ ਉਸ ਨੇ ਤੇ ਐਰਿਕਾ ਨੇ ਆਪਣੇ ਦੋਵੇਂ 'ਕੈਂਟੱਕੀ ਸਟੋਰ' ਖੁੱਲ੍ਹੇ ਰੱਖੇ ਸਨ ਤੇ ਤਕੜੀ ਕਮਾਈ ਕੀਤੀ ਸੀ। ਪਰ ਐਤਕੀਂ ਐਰਿਕਾ ਨੇ ਪਹਿਲਾਂ ਹੀ ਕਹਿ ਦਿੱਤਾ ਸੀ, "ਪੌਲ ! ਇਟ'ਸ ਗੋਇੰਗ ਟੂ ਬੀ ਟੈਰਿਬਲ। ਜੇ ਤੂੰ ਏਥੇ ਰਹਿਣਾ ਚਾਹੁੰਨਾ, ਤੇਰੀ ਮਰਜ਼ੀ। ਪਰ ਮੈਂ ਆਪਣੀ ਤੇ ਜੇਜੀ ਦੀ ਜਾਨ ਖ਼ਤਰੇ 'ਚ ਨ੍ਹੀਂ ਪਾਉਣੀ।"[4]

ਸਮਾਜ ਵਿਚ ਮਨੁੱਖ ਆਪਣੀ ਆਰਥਿਕ ਖ਼ੁਸ਼ਹਾਲੀ ਵਧੇਰੇ ਚਾਹੁੰਦਾ ਹੈ। ਉਹ ਆਪਣੀ ਆਰਥਿਕਤਾ ਨੂੰ ਸੁਧਾਰਨ ਲਈ ਜਾਂ ਵੱਧ ਪੈਸੇ ਕਮਾਉਣ ਦੀ ਲਾਲਸਾ ਨਾਲ ਆਪਣੇ ਪਰਿਵਾਰ ਨੂੰ ਵੀ ਟਾਈਮ ਨਹੀਂ ਦੇ ਪਾਉਂਦਾ, ਕਿਉਂਕਿ ਉਸ ਨੂੰ ਪੈਸੇ ਦੀ ਖਿੱਚ ਨੇ ਐਸਾ ਜਕੜਿਆ ਹੁੰਦਾ ਹੈ ਕਿ ਉਸ ਦਾ ਇਸ ਪਕੜ ਵਿਚੋਂ ਨਿਕਲਣਾ ਮੁਸ਼ਕਿਲ ਜਾਪਦਾ ਹੈ। ਕਹਾਣੀ ਦਾ ਪਾਤਰ ਸੁਖਪਾਲ ਜੋ ਕਿ ਮਾੜੇ ਮੌਸਮ ਵਿਚ ਵੀ ਆਪਣੇ ਸਟੋਰ ਵਿਚ ਕੰਮ ਕਰਨਾ ਚਾਹੁੰਦਾ ਹੈ ਸਿਰਫ਼ ਡਾਲਰ ਕਮਾਉਣ ਲਈ। ਉਸ ਨੂੰ ਲਾਲਚ ਸੀ, ਜਦੋਂ ਉਸ ਦੀ ਪਤਨੀ ਐਰਿਕਾ ਤੇ ਉਸ ਨੇ ਪਿੱਛੇ ਆਏ ਛੋਟੇ 'ਹਰੀਕੇਨ ਇਵਾਨ' ਦੌਰਾਨ ਸਟੋਰ ਖੁੱਲ੍ਹਾ ਰੱਖਿਆ ਸੀ, ਤਾਂ ਉਨ੍ਹਾਂ ਨੇ ਬਹੁਤ ਸਾਰੀ ਕਮਾਈ ਕੀਤੀ ਸੀ। ਪਰ ਹੁਣ ਐਰਿਕਾ ਨੇ ਸਾਫ਼ ਨਾਂਹ ਕਰ ਦਿੱਤੀ ਸੀ। ਇਸ ਤਰ੍ਹਾਂ ਜੇ ਮਨੁੱਖ ਆਪਣੀ ਆਰਥਿਕਤਾ ਨੂੰ ਸੁਧਾਰਦਾ ਹੋਇਆ ਵੱਧ ਪੈਸੇ ਕਮਾਉਣ ਦੀ ਲਾਲਸਾ ਵਿਚ ਪੈ ਜਾਂਦਾ ਹੈ ਤਾਂ ਇਸ

ਨਾਲ ਰਿਸ਼ਤੇ ਟੁੱਟ-ਭੱਜ ਜਾਂਦੇ ਹਨ। ਪਰਵਾਸੀ ਪੰਜਾਬੀ ਪਰਵਾਸ ਧਾਰਨ ਕਰ ਕੇ ਵੀ ਇਕੱਲਤਾ ਦਾ ਸੰਤਾਪ ਭੋਗ ਰਿਹਾ ਹੁੰਦਾ ਹੈ।

ਜਰਨੈਲ ਸਿੰਘ ਨੇ ਕਹਾਣੀ 'ਹੜ੍ਹ' ਵਿਚ ਪੰਜਾਬੀਆਂ ਵੱਲੋਂ ਪੈਸੇ ਦੀ ਆੜ ਵਿਚ ਫਸ ਕੇ ਫੋਕੀਆਂ ਸ਼ਾਨਾਂ ਤੇ ਲੋਕ ਦਿਖਾਵੇ ਬਾਰੇ ਇਸ ਤਰ੍ਹਾਂ ਪੇਸ਼ ਕੀਤਾ ਹੈ। ਮਨੁੱਖ ਪੂੰਜੀਵਾਦੀ ਦੌਰ ਕਾਰਨ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਫਿਰ ਉਸ ਤੋਂ ਵੀ ਵੱਧ ਲੋਕ ਦਿਖਾਵਾ ਕਰਦਾ ਹੈ। ਉਦਾਹਰਨ ਵਜੋਂ :

"ਹੋ ਗਈ ਤਿਆਰੀ?" ਸੁਖਪਾਲ ਨੇ ਉੱਖੜੇ ਹੋਏ ਮਨ ਨਾਲ਼ ਪੁੱਛਿਆ।

"ਚੱਲ ਰਹੀ ਐ। ਕੱਪੜਾ-ਲੀੜਾ ਵਧੀਆ ਖਰੀਦਿਐ। ਗਹਿਣਿਆਂ ਦਾ ਆਰਡਰ ਦੇ ਦਿੱਤੈ। ਨੀਨੂੰ ਲਈ ਤਿੰਨ ਸੈੱਟ, ਮੁੰਡੇ ਲਈ ਬਰੇਸਲੈੱਟ, ਉਸ ਦੀ ਮਾਂ ਲਈ ਚੇਨੀ, ਪਿਉ ਲਈ ਕੜਾ। ਮੁੰਡੇ ਦੇ ਮਾਮਿਆਂ, ਮਾਸੜਾਂ ਲਈ ਮੁੰਦੀਆਂ। ਮੈਰਿਜ ਪੈਲੇਸ 'ਚ ਖਾਣ-ਪੀਣ ਦੀਆਂ ਚੀਜ਼ਾਂ ਦੇ ਪੰਜਾਹ ਸਟਾਲ ਲੱਗਣਗੇ। ਸ਼ਰਾਬ.........।"

"ਏਨੇ ਸਟਾਲਾਂ ਦੀ ਕੀ ਲੋੜ ਐ?" ਉਤਾਵਲੇ ਹੋਏ ਸੁਖਪਾਲ ਨੇ ਭਰਾ ਨੂੰ ਵਿੱਚੇ ਹੀ ਟੋਕ ਦਿੱਤਾ।

"ਡੈਡੀ ਨਈਂ ਮੰਨਦੇ।"

"ਕਿਉਂ?"

"ਕਹਿੰਦੇ ਆ.... ਵੀਹ-ਬਾਈ ਸਟਾਲ ਤਾਂ ਆਮ ਵਿਆਹਾਂ 'ਚ ਲਗਦੇ ਆ। ਆਪਾਂ ਉੱਪਰਲਿਆਂ 'ਚ ਆਂ ਤੇ ਉੱਪਰਲਿਆਂ ਦੇ ਰਿਕਾਰਡ ਤੋੜਨੇ ਆਂ। ਹੁਸੈਨਪੁਰੀਏ ਪਰਦੁੱਮਣ, ਤਾਜਪੁਰੀਏ ਹਰਵਿੰਦਰ ਤੇ ਆਪਣੇ ਪਿੰਡ ਆਲ਼ੇ ਕਰਨਬੀਰ ਅਰਗੇ ਫ਼ੰਨੇਖਾਹਾਂ ਦੀ ਫੂਕ ਕੱਢਣੀ ਆਂ। ਤੁਸੀਂ ਇੰਡੀਕਾ ਕਾਰ ਦੇਣ ਲਈ ਕਿਹਾ ਸੀ। ਡੈਡੀ ਕਹਿੰਦੇ ਆ ਹੌਂਡਾ ਦਿਓ, ਨੀਨੂੰ ਤੇ ਮੰਮੀ ਵੀ ਇਹੀ ਚਾਹੁੰਦੀਆਂ ਆਂ।"[5]

ਵਿਸ਼ਵ ਵਿਚ ਪੂੰਜੀਵਾਦੀ ਦੌਰ ਦੇ ਪ੍ਰਭਾਵ ਅਧੀਨ ਮਨੁੱਖ ਪੈਸੇ ਨੂੰ ਪਾਣੀ ਵਾਂਗ ਵਹਾ ਰਿਹਾ ਹੈ। ਮਨੁੱਖ ਪੈਸੇ ਦੀ ਆੜ, ਫੋਕੀਆਂ ਸ਼ਾਨਾਂ ਤੇ ਦਿਖਾਵੇ ਵਿਚ ਆਪਣੇ ਆਪ ਨੂੰ ਬਹੁਤ ਉੱਚਾ ਮਹਿਸੂਸ ਕਰਦਾ ਪਾਉਂਦਾ ਹੈ। ਪਰਵਾਸੀ ਪੰਜਾਬੀ

ਜਦੋਂ ਆਪਣੇ ਪਰਿਵਾਰ ਦੇ ਇਨ੍ਹਾਂ ਝੂਠਿਆਂ ਦਿਖਾਵਿਆਂ ਦਾ ਪਤਾ ਲੱਗਦਾ ਹੈ ਤਾਂ ਉਹ ਪਹਿਲਾਂ ਹੀ ਪਰਵਾਸ ਧਾਰਨ ਕਰ ਕੇ ਕਰਜ਼ੇ ਵਿਚ ਡੁੱਬਿਆ ਹੁੰਦਾ ਹੈ, ਉਧਰੋਂ ਉਸ ਦੇ ਪਰਿਵਾਰ ਵੱਲੋਂ ਵਿਆਹਾਂ ਤੇ ਹੋ ਰਹੇ ਫ਼ਾਲਤੂ ਖ਼ਰਚੇ ਉਸ ਨੂੰ ਡੋਬ ਦਿੰਦੇ ਹਨ। ਕਹਾਣੀ ਵਿਚ ਪਾਤਰ ਸੁਖਪਾਲ ਜੋ ਕਿ ਪਰਵਾਸੀ ਪੰਜਾਬੀ ਹੈ। ਉਸ ਦੀ ਪੰਜਾਬ ਵਿਚ ਰਹਿ ਰਹੇ ਪਰਿਵਾਰ ਵਿਚ ਉਸ ਦੀ ਭੈਣ ਨੀਨੂੰ ਦਾ ਵਿਆਹ ਹੈ। ਉਸ ਦੇ ਭਰਾ ਜਿੰਦਰ ਵੱਲੋਂ ਆਏ ਫ਼ੋਨ ਤੇ ਉਹ ਵਿਆਹ ਤੇ ਹੋ ਰਹੇ ਫ਼ਾਲਤੂ ਖ਼ਰਚੇ ਬਾਰੇ ਸੁਣ ਕੇ ਹੈਰਾਨ ਹੁੰਦਾ ਹੈ। ਨੀਨੂੰ ਦੇ ਵਿਆਹ ਤੇ ਹੋ ਰਹੇ ਫ਼ਾਲਤੂ ਖ਼ਰਚੇ ਪਿੱਛੇ ਉਸ ਦਾ ਪਿਉ ਹੀ ਹੈ ਕਿਉਂਕਿ ਸੁਖਪਾਲ ਦਾ ਪਿਉ ਚਾਹੁੰਦਾ ਸੀ ਕਿ ਉਸ ਦੀ ਵੀ ਇਲਾਕੇ ਵਿਚ ਪੂਰੀ ਠੁੱਕ ਬਣੀ ਰਹੇ। ਜਿਸ ਕਰ ਕੇ ਉਹ ਆਪਣੀ ਧੀ ਦੇ ਵਿਆਹ ਤੇ ਲੋਕਾਂ ਨੂੰ ਆਪਣੀ ਠੁੱਕ ਦਿਖਾਉਣਾ ਚਾਹੁੰਦਾ ਹੈ।

ਇਸ ਤਰ੍ਹਾਂ ਸਮਾਜ ਵਿਚ ਇੱਕ ਮਨੁੱਖ ਹੀ ਨਹੀਂ ਸਗੋਂ ਸਾਰੇ ਸੰਸਾਰ ਦੇ ਲੋਕ ਝੂਠੀਆਂ ਸ਼ਾਨਾਂ ਤੇ ਦਿਖਾਵੇ ਦੀ ਆੜ ’ਚ ਫਸ ਚੁੱਕੇ ਹਨ। ਅੱਜ ਸਿਰਫ਼ ਪੰਜਾਬ ਹੀ ਨਹੀਂ ਸਗੋਂ ਸਾਰੇ ਦਾ ਸਾਰਾ ਸੰਸਾਰ ਫੋਕੀਆਂ ਸ਼ਾਨਾਂ ਤੇ ਦਿਖਾਵੇ ਦੇ ਹੜ੍ਹ ਵਿਚ ਰੁੜ੍ਹਦਾ ਜਾ ਰਿਹਾ ਹੈ।

### 4.3 ਪਰਿਵਾਰਿਕ ਸਰੋਕਾਰ

ਰਿਸ਼ਤਾ-ਨਾਤਾ ਜਾਂ ਪਰਿਵਾਰ ਸਮਾਜ ਵਿਚ ਇੱਕ ਅਜਿਹਾ ਸਮਾਜਿਕ ਰਿਸ਼ਤਿਆਂ ਦਾ ਜਾਲ ਹੁੰਦਾ ਹੈ, ਜਿਸ ਵਿਚ ਲਗਭਗ ਸਾਰੇ ਸਭਿਆਚਾਰ ਦੇ ਲੋਕ ਮੌਜੂਦ ਹੁੰਦੇ ਹਨ। ਸਮਾਜ ਵਿਚ ਵੱਖ-ਵੱਖ ਸਭਿਆਚਾਰ ਵਿਚ ਵਿਚਰ ਰਹੇ ਲੋਕ ਜਦੋਂ ਇੱਕ ਪਰਿਵਾਰ ਵਿਚ ਸਮੂਹਿਕ ਰੂਪ ਵਿਚ ਰਹਿੰਦੇ ਹਨ, ਉਸ ਨੂੰ ਪਰਿਵਾਰ ਕਿਹਾ ਜਾਂਦਾ ਹੈ। ਪਰਿਵਾਰ ਮੁੱਢ ਤੋਂ ਹੀ ਸਮਾਜ ਦਾ ਮਹੱਤਵਪੂਰਨ ਅੰਗ ਰਿਹਾ ਹੈ। ਸਮਾਜ ਵਿਚ ਬੱਚੇ ਆਪਣੇ ਪਿਤਾ ਪੁਰਖੀ ਦੇ ਮੂਲ ਸਭਿਆਚਾਰ ਨਾਲ ਇੰਨਾ ਜੁੜਨਾ ਪਸੰਦ ਨਹੀਂ ਕਰਦੇ ਹਨ, ਜਿਨ੍ਹਾਂ ਕਿ ਆਪਣੇ ਮਾਪਿਆਂ ਨਾਲ ਜੁੜਨਾ ਚਾਹੁੰਦੇ ਹਨ।

ਸਮਾਜ ਵਿਚ ਪਰਿਵਾਰ ਹੀ ਬੱਚੇ ਦੀ ਸਿੱਖਿਆ ਦਾ ਅਜਿਹਾ ਕੇਂਦਰ ਹੁੰਦਾ ਹੈ, ਜਿਸ ਵਿਚ ਰਹਿ ਕੇ ਹੀ ਬੱਚਾ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਦਾ ਹੈ। ਪਰਿਵਾਰ ਵਿਚ ਰਹਿ ਕੇ ਹੀ ਬੱਚਾ ਪਰਿਵਾਰ ਦੇ ਮੈਂਬਰਾਂ ਦੇ ਹੱਥਾਂ ਵਿਚ ਪਲਦਾ-ਪਲੋਸਦਾ, ਖੇਡਦਾ, ਵਧਦਾ-ਫੁੱਲਦਾ ਹੈ। ਸਮਾਜ ਵਿਚ ਮਨੁੱਖ ਦੇ ਪਰਿਵਾਰਿਕ ਰਿਸ਼ਤੇ ਹੁੰਦੇ ਹਨ, ਜਿਨ੍ਹਾਂ ਵਿਚ ਮਾਂ-

ਪਿਉ, ਭੈਣ-ਭਰਾ, ਦਾਦਾ-ਦਾਦੀ, ਨਾਨਾ-ਨਾਨੀ, ਮਾਸੀ-ਮਾਸੜ, ਭੂਆ-ਫੁੱਫੜ ਆਦਿ ਹੁੰਦੇ ਹਨ। ਇਨ੍ਹਾਂ ਰਿਸ਼ਤਿਆਂ ਤੋਂ ਇਲਾਵਾ ਮਨੁੱਖ ਦੇ ਭਾਵਨਾਤਮਕ ਰਿਸ਼ਤੇ ਵੀ ਹੁੰਦੇ ਹਨ। ਇਹ ਅਜਿਹੇ ਰਿਸ਼ਤੇ ਹੁੰਦੇ ਹਨ ਜੋ ਉਹ ਪਿਆਰ, ਸੱਧਰਾਂ ਤੇ ਸਤਿਕਾਰ ਸਦਕਾ ਸਿਰਜਦਾ ਹੈ। ਇਨ੍ਹਾਂ ਰਿਸ਼ਤਿਆਂ ਵਿਚ ਦੋਸਤ-ਮਿੱਤਰ, ਅਧਿਆਪਕ-ਵਿਦਿਆਰਥੀ ਆਦਿ ਆ ਜਾਂਦੇ ਹਨ।

ਕਹਾਣੀਕਾਰ ਜਰਨੈਲ ਸਿੰਘ ਨੇ ਕਹਾਣੀ ਸੰਗ੍ਰਹਿ ‘ਕਾਲ਼ੇ ਵਰਕੇ’ ਵਿਚ ਕਹਾਣੀ ‘ਕਾਲ਼ੇ ਵਰਕੇ’ ਵਿਚ ਸਮਾਜ ਵਿਚ ਬਣਾਏ ਪਿਆਰ, ਸੱਧਰਾਂ ਤੇ ਸਤਿਕਾਰ, ਭਾਵ ਦੇ ਮਾਧਿਅਮ ਨਾਲ ਸਿਰਜੇ ਰਿਸ਼ਤਿਆਂ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ।

“ਤੈਨੂੰ ਕੈਨੇਡਾ ਆਇਆਂ ਕਿੰਨਾ ਚਿਰ ਹੋ ਗਿਆ?” ਫਿਲਮੀ ਗੱਲਾਂ ਮੁੱਕਣ ’ਤੇ ਉਸਨੇ ਪੁੱਛਿਆ।

“ਪੰਦਰਾਂ ਸਾਲ । ਮੈਂ ਪੁਆਇੰਟ ਸਿਸਟਮ ’ਤੇ ਪਰਿਵਾਰ ਸਮੇਤ ਏਥੇ ਆਇਆ ਸੀ। ਇੰਡੀਆ ’ਚ ਕਾਊਂਸਲਰ ਦੀ ਜੌਬ ’ਤੇ ਸੀ। ਏਥੇ ਆ ਕੇ ਆਪਣੀ ਪੜ੍ਹਾਈ ਅਪਡੇਟ ਕੀਤੀ ਤੇ ਉਹੀ ਜੌਬ ਲੈ ਲਈ।”

“ਕੀ ਮੈਂ ਤੇਰੇ ਪਰਿਵਾਰ ਬਾਰੇ ਪੁੱਛ ਸਕਦਾਂ?”

“ਹਾਂ ਹਾਂ। ਮੇਰੇ ਪਰਿਵਾਰ ਵਿਚ ਮੇਰੀ ਪਤਨੀ, ਤਿੰਨ ਬੱਚੇ ਅਤੇ ਮੇਰੇ ਮੌਮ-ਡੈਡ ਹਨ।”

“ਬਾਜ਼ ! ਜਿਵੇਂ ਤੂੰ ਦੱਸਿਆ ਪਹਿਲਾਂ ਸਾਡੇ ਵੀ ਸੰਯੁਕਤ ਪਰਿਵਾਰ ਹੁੰਦੇ ਸਨ ਪਰ ਹੁਣ ਨਹੀਂ।”

“ਸਾਡੇ ਵੀ ਪਹਿਲਾਂ ਨਾਲ਼ੋਂ ਕਾਫੀ ਘਟ ਗਏ ਹਨ...... ਮਾਈਕ ! ਮੈਂ ਤੁਹਾਡੇ ਲੋਕਾਂ ਨਾਲ਼ ਕਈ ਸਾਲਾਂ ਤੋਂ ਕੰਮ ਕਰ ਰਿਹਾਂ। ਮੈਂ ਦੇਖਿਐ ਤੁਹਾਡੇ ਪਰਿਵਾਰਕ ਤੇ ਭਾਈਚਾਰਕ ਜੀਵਨ ਦੇ ਕਈ ਪਹਿਲੂ ਸਾਡੇ ਨਾਲ਼ ਮਿਲ਼ਦੇ-ਜੁਲ਼ਦੇ ਹਨ।”

“ਜਿਵੇਂ?”

“ਜਿਵੇਂ ਕਿ ਦਾਦਾ-ਦਾਦੀ ਤੇ ਨਾਨਾ-ਨਾਨੀ ਦਾ ਸਤਿਕਾਰ, ਭੈਣ-ਭਰਾਵਾਂ ਦਾ ਆਪਸੀ ਮੋਹ। ਰਿਸ਼ਤੇਦਾਰਾਂ ਤੇ ਭਾਈਚਾਰੇ ਵੱਲੋਂ ਇਕ-ਦੂਜੇ ਦੇ ਦੁੱਖ-ਸੁੱਖ ਵਿਚ ਸ਼ਾਮਲ ਹੋਣਾ.........।”[6]

ਸਮਾਜ ਵਿਚ ਰਹਿੰਦਿਆਂ ਮਨੁੱਖ ਬਹੁਤ ਕੁੱਝ ਸਿੱਖਦਾ ਹੈ, ਪਰ ਉਸ ਨੂੰ ਮੁੱਢਲੀ ਸਿੱਖਿਆ ਪਰਿਵਾਰ ਵੱਲੋਂ ਹੀ ਮਿਲਦੀ ਹੈ। ਪਰਿਵਾਰ ਵਿਚ ਮਨੁੱਖ ਆਪਣੇ ਦੁੱਖ-ਸੁੱਖ ਸਭ ਨਾਲ ਸਾਂਝੇ ਕਰਦਾ ਹੈ ਤੇ ਸਾਰੇ ਇੱਕ ਦੂਜੇ ਦਾ ਦੁੱਖ ਵੰਡਾਉਂਦੇ ਹਨ। ਪਰ ਇਹ ਰਿਸ਼ਤੇ ਸਿਰਫ਼ ਪਰਿਵਾਰ ਵਿਚ ਹੀ ਨਹੀਂ ਸਗੋਂ ਸਮਾਜ ਵਿਚ ਦੋਸਤਾਂ ਨਾਲ ਵੀ ਬਣਾਏ ਜਾਂਦੇ ਹਨ। ਪਰ ਇਹੋ ਜਿਹੇ ਰਿਸ਼ਤੇ ਪੰਜਾਬੀ ਸਭਿਆਚਾਰ ਵਿਚ ਹੀ ਨਹੀਂ ਸਗੋਂ ਪੱਛਮੀ ਸਭਿਆਚਾਰ ਵਿਚ ਵਿਚਰ ਰਹੇ ਪਰਿਵਾਰਾਂ ਵਿਚ ਵੀ ਪਾਏ ਜਾਂਦੇ ਹਨ। ਕਹਾਣੀ ਵਿਚ ਮੁੱਖ ਪਾਤਰ ਮਾਈਕਲ ਹੈ, ਜਿਸ ਦੀ ਕਾਊਂਸਲਿੰਗ ਪਰਵਾਸੀ ਪੰਜਾਬੀ ਗੁਰਬਾਜ਼ ਵੱਲੋਂ ਕੀਤੀ ਜਾ ਰਹੀ ਹੈ। ਕਾਊਂਸਲਿੰਗ ਦੇ ਦੌਰਾਨ ਦੋਵਾਂ ਵਿਚ ਇੱਕ ਰੈਸਟੋਰੈਂਟ ਵਿਚ ਬੈਠੇ ਖਾਣਾ ਖਾਂਦੇ ਪਰਿਵਾਰਾਂ ਬਾਰੇ ਗੱਲ ਚੱਲ ਪੈਂਦੀ ਹੈ। ਜਿਸ ਵਿਚ ਪੰਜਾਬੀ ਸਭਿਆਚਾਰ ਵਿਚ ਪਰਿਵਾਰ ਵਿਚਲੇ ਰਿਸ਼ਤਿਆਂ ਬਾਰੇ ਗੱਲ ਚੱਲਦੀ ਹੈ। ਦੋਵਾਂ ਸਭਿਆਚਾਰ ਵਿਚ ਪਰਿਵਾਰ ਦੇ ਕੁੱਝ ਸਾਂਝੇ ਰਿਸ਼ਤੇ, ਭਾਈਚਾਰਾ ਤੇ ਰਿਸ਼ਤੇਦਾਰ ਹੁੰਦੇ ਹਨ। ਜਿਨ੍ਹਾਂ ਕਰ ਕੇ ਮਨੁੱਖ ਸਮਾਜ ਵਿਚ ਵਿਚਰਦਾ ਹੈ।

ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਕਹਾਣੀ 'ਮੁਹਾਜ਼' ਵਿਚ ਪਰਿਵਾਰਕ ਸੰਬੰਧਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਸਮਾਜ ਵਿਚ ਔਰਤ ਵਿਧਵਾ ਹੁੰਦੇ ਹੋਏ ਵੀ ਆਪਣੇ ਪਰਿਵਾਰ ਨੂੰ ਪਾਲ਼ਦੀ-ਪਲ਼ੋਸਦੀ ਹੈ। ਸਮਾਜ ਵਿਚ ਔਰਤ ਨੂੰ ਅਜਿਹੀ ਸਥਿਤੀ ਵਿਚ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਫਿਰ ਵੀ ਉਹ ਆਪਣੇ ਬੱਚਿਆਂ ਨੂੰ ਵਧੀਆ ਜੀਵਨ ਦੇਣਾ ਲੋਚਦੀ ਹੈ। ਸਮਾਜ ਵਿਚ ਅਜਿਹੀ ਸਥਿਤੀ ਵਿਚ ਵਿਚਰ ਰਹੀ ਇੱਕ ਪਾਸੇ ਤਾਂ ਆਪਣੇ ਪਤੀ ਤੋਂ ਬਿਨਾਂ ਜੀਵਨ ਗੁਜ਼ਾਰ ਰਹੀ ਹੁੰਦੀ ਹੈ ਤੇ ਦੂਜੇ ਪਾਸੇ ਇੱਜ਼ਤਦਾਰ ਜ਼ਿੰਦਗੀ ਤੇ ਪਰਿਵਾਰ ਨੂੰ ਪਾਲਣ ਲਈ ਔਕੜਾਂ ਦਾ ਸਾਹਮਣਾ ਕਰਦੀ ਹੈ। ਉਦਾਹਰਨ ਵਜੋਂ

"ਵੀਕ ਐਂਡ 'ਤੇ ਮੈਂ ਤੈਂਨੂੰ 'ਕਰਿਸਮਸ-ਟਰੀ' ਖਰੀਦਦਿਆਂ ਦੇਖਿਆ ਸੀ।"

"ਉਹ ਅੱਛਾ, ਮੈਂ ਤੈਨੂੰ ਨਹੀਂ ਦੇਖਿਆ।"

"ਫਿਕਸ ਕਰ ਦਿੱਤੈ?"

"ਯਾਅ, ਉਸੇ ਦਿਨ। ਜਦੋਂ ਮੈਂ ਘਰ ਪਹੁੰਚੀ ਤਾਂ ਟਰੀ ਦੇਖ ਕੇ ਦੋਨੋਂ ਬੱਚੇ ਖੁਸ਼ ਹੋ ਗਏ। ਮੈਂ ਪਹਿਲੀਆਂ ਕਰਿਸਮਸਾਂ ਵਾਂਗ ਹੀ, ਬੱਚਿਆਂ ਦੀ ਇਹ ਕਰਿਸਮਸ ਵੀ ਖੁਸ਼ੀਆਂ ਭਰੀ ਬਣਾਉਣਾ ਚਾਹੁੰਦੀ ਹਾਂ। ਸੋ ਮੈਂ ਰੁੱਖ ਨੂੰ ਸਟੈਂਡ 'ਤੇ ਟਿਕਾਇਆ ਅਤੇ ਟਾਹਣੀਆਂ ਨਾਲ਼ ਕਰਿਸਮਸ-ਗਹਿਣੇ ਟੰਗ ਦਿੱਤੇ। ਫਿਰ ਪਤਾ ਨਹੀਂ ਮੇਰੇ ਮਨ 'ਚ ਕੀ ਆਇਆ ਕਿ ਮੈਂ ਪੁਰਾਣੀਆਂ ਵਿਸ਼ੇਸ ਚੀਜ਼ਾਂ ਦੇ ਡੱਬੇ ਕੱਢ ਲਿਆਈ। ਉਨ੍ਹਾਂ ਡੱਬਿਆਂ ਵਿਚ ਉਹ ਗਿਫ਼ਟ ਵੀ ਸਨ, ਜਿਹੜੇ ਮੈਂ ਤੇ ਸਟੀਵ ਨੇ ਇੱਕ-ਦੂਜੇ ਨੂੰ ਖਾਸ-ਖਾਸ ਮੌਕਿਆਂ ਜਿਵੇਂ ਜਨਮ-ਦਿਨਾਂ ਅਤੇ ਵਿਆਹ ਦੀਆਂ ਵਰ੍ਹੇਗੰਢਾਂ ਸਮੇਂ ਦਿੱਤੇ ਹੋਏ ਸਨ। ਕੁੱਝ ਚੀਜ਼ਾਂ ਅਸੀਂ ਦੋਨਾਂ ਨੇ ਹੌਲੀਡੇਅਜ਼ ਦੌਰਾਨ, ਦੂਰੋਂ-ਪਾਰੋਂ ਖਰੀਦੀਆਂ ਹੋਈਆਂ ਸਨ। ਜਦੋਂ ਮੈਂ ਉਨ੍ਹਾਂ ਵਿਸ਼ੇਸ਼ ਚੀਜ਼ਾਂ ਨਾਲ਼ 'ਕਰਿਸਮਸ-ਟਰੀ' ਨੂੰ ਸ਼ਿੰਗਾਰ ਰਹੀ ਸਾਂ ਤਾਂ ਮੇਰੇ ਅੰਦਰ ਯਾਦਾਂ ਦੀਆਂ ਛੱਲਾਂ ਉੱਭਰ ਪਈਆਂ। ਸੋਚਾਂ ਵਿਚ ਮੈਂ ਸਟੀਵ ਨੂੰ ਆਪਣੇ ਅੰਗ-ਸੰਗ ਮਹਿਸੂਸ ਕੀਤਾ ਮੈਨੂੰ ਚੁੰਮਦਾ, ਗਲਵਕੜੀ ਪਾਉਂਦਾ...... ਹੱਸ-ਖੇਡ ਰਹੇ ਪੁੱਤਾਂ ਨਾਲ਼ ਨਿਆਣਾ ਬਣ ਕੇ ਖੇਡਦਾ। ਉਨ੍ਹਾਂ ਲਈ ਨਵੀਆਂ ਚੀਜ਼ਾਂ ਖਰੀਦਣ ਲਈ ਸਲਾਹਾਂ ਕਰਦਾ......... । ਪਰ ਕੁੱਝ ਪਲਾਂ ਬਾਅਦ ਉਹੀ ਛੱਲਾਂ ਮੈਨੂੰ ਗੋਤੇ ਦੇਣ ਲੱਗ ਪਈਆਂ। ਦਿਲ 'ਚ ਵਿਲਕਣੀ ਜਿਹੀ ਉੱਠ ਪਈ ਕਿ ਮੇਰੇ ਪੱਲੇ ਹੁਣ ਸਟੀਵ ਦੀਆਂ ਯਾਦਾਂ ਹੀ ਰਹਿ ਗਈਆਂ ਸਨ। ਮੈਂ ਕਦੀ ਵੀ ਉਸ ਨੂੰ ਹਾਕ ਨਹੀਂ ਮਾਰ ਸਕਣੀ। ਅੱਖਾਂ 'ਚ ਉਮਡਦੇ ਪਿਆਰ ਨੇ ਉਸਨੂੰ ਕਦੀ ਵੀ ਦੇਖ ਨਹੀਂ ਸਕਣਾ.......... ਮੇਰਾ ਦਿਲ ਭਰ ਆਇਆ। ਪਰ ਮੈਂ ਆਪਣੇ-ਆਪ 'ਤੇ ਕਾਬੂ ਪਾ ਲਿਆ। ਨਿਆਣਿਆਂ ਸਾਹਮਣੇ ਮੁਸਕਰਾਉਂਦੀ ਰਹੀ, ਹੱਸਦੀ ਰਹੀ। ਜਦੋਂ ਉਹ ਖਾ-ਪੀ ਕੇ ਸੌਂ ਗਏ ਤਾਂ ਮੈਂ ਮੁੜ 'ਕਰਿਸਮਸ-ਟਰੀ' ਕੋਲ਼ ਆ ਬੈਠੀ। ਸਟੀਵ ਤੋਂ ਬਿਨਾਂ ਮੈਨੂੰ ਆਪਣਾ ਆਪਾ 'ਕਰਿਸਮਸ-ਟਰੀ' ਵਰਗਾ ਲੱਗ ਰਿਹਾ ਸੀ, ਜੜ੍ਹਾਂ ਵਿਹੂਣਾ, ਸਟੈਂਡ 'ਤੇ ਟਿਕਿਆ ਡਾਵਾਂਡੋਲ ਰੁੱਖ। ਮਨ ਹੀ ਮਨ ਵਿਰਲਾਪ ਕਰਦਿਆਂ ਮੈਂ ਫੁੱਟ-ਫੁੱਟ ਰੋਣ ਲੱਗੀ। ਰੋਂਦੀ ਰਹੀ।"[7]

**ਸਮਾਜ ਵਿਚ ਔਰਤ ਦੀ ਸਥਿਤੀ ਸਮਾਜਿਕ ਜ਼ਿੰਮੇਵਾਰੀ ਦੇ ਨਾਲ-ਨਾਲ ਵਧੇਰੇ ਪਰਿਵਾਰਿਕ ਜ਼ਿੰਮੇਵਾਰੀ ਲਈ ਵੀ ਚਿੰਤਤ ਹੈ। ਅੱਜ ਦੇ ਸਮੇਂ ਦੀ ਔਰਤ ਆਪਣੇ ਪੈਰਾਂ ਉੱਤੇ ਖੜ੍ਹਾ ਹੋਣਾ ਚਾਹੁੰਦੀ ਹੈ। ਅਜੋਕੇ ਸਮੇਂ ਦੀ ਔਰਤ ਆਪਣੀ ਆਜ਼ਾਦੀ ਤੇ ਅਧਿਕਾਰਾਂ ਪ੍ਰਤੀ ਵਧੇਰੇ ਚਿੰਤਤ ਹੈ। ਕਹਾਣੀ ਵਿਚ ਇਸਤਰੀ ਪਾਤਰ ਨੈਨਸੀ ਹੈ, ਜੋ ਕਿ ਬੇਸ ਦੀ ਅਸਿਸਟੈਂਟ ਐਡਮਿਨ ਅਫ਼ਸਰ ਹੈ। ਨੈਨਸੀ ਦਾ ਦੋਸਤ ਡੇਵ, ਜੋ ਉਸ ਨਾਲ਼ ਫ਼ੌਜ ਕੰਪਨੀਆਂ ਦਾ ਹਿੱਸਾ ਸੀ। ਨੈਨਸੀ ਦੇ ਆਫ਼ਿਸ ਵਿਚ ਨੈਨਸੀ ਤੇ ਡੇਵ ਗੱਲਾਂ ਕਰ ਰਹੇ ਸਨ ਤੇ ਡੇਵ ਨੇ ਉਸ ਦੇ ਪਰਿਵਾਰ ਦਾ ਹਾਲ-ਚਾਲ ਪੁੱਛਿਆ ਤਾਂ ਨੈਨਸੀ ਨੇ ਉਸ ਦੇ ਅੱਗੇ**

**ਆਪਣੇ ਸਾਰੇ ਦੁੱਖ-ਸੁੱਖ ਫੋਲ ਛੱਡੇ ਸਨ। ਨੈਨਸੀ ਦੇ ਦੁੱਖ ਨੇ ਮੇਰੇ ਅੱਖਾਂ ਵਿਚ ਵੀ ਹੰਝੂ ਲੈ ਆਏ। ਪਰ ਨੈਨਸੀ ਦੇ ਜੀਵਨ ਵਿਚ ਇੰਨੀਆਂ ਮੁਸੀਬਤਾਂ ਹੋਣ ਦੇ ਬਾਵਜੂਦ ਵੀ ਉਹ ਡੋਲਦੀ ਨਹੀਂ, ਸਗੋਂ ਇਨ੍ਹਾਂ ਮੁਸੀਬਤਾਂ ਦਾ ਸਾਹਮਣਾ ਕਰਦੀ ਅੱਗੇ ਵਧਦੀ ਜਾ ਰਹੀ ਹੈ।**

**ਇਸ ਤਰ੍ਹਾਂ ਸਮਾਜ ਵਿਚ ਔਰਤ ਆਪਣੇ ਪਰਿਵਾਰ ਲਈ ਹਰ ਇੱਕ ਸਥਿਤੀ ਵਿਚ ਚਿੰਤਤ ਰਹਿੰਦੀ ਹੈ। ਪਰ ਉਹ ਇਨ੍ਹਾਂ ਮੁਸਕਿਲਾਂ ਦਾ ਡਟ ਕੇ ਮੁਕਾਬਲਾ ਕਰਦੀ ਹੋਈ ਸਭ ਔਕੜਾਂ ਪਾਰ ਕਰ ਜਾਂਦੀ ਹੈ ਕਿਉਂਕਿ ਉਹ ਆਪਣੇ ਪਰਿਵਾਰ ਨੂੰ ਹੀ ਆਪਣੀ ਸਭ ਤੋਂ ਵੱਡੀ ਸ਼ਕਤੀ ਮੰਨਦੀ ਹੋਈ ਜ਼ਿੰਦਗੀ ਜੀਅ ਲੈਂਦੀ ਹੈ।**

**ਸਮਾਜ ਵਿਚ ਮਨੁੱਖ ਅਲਹੂ ਰਿਸ਼ਤਿਆਂ ਦੀ ਸਿਰਜਣਾ ਵੀ ਕਰਦਾ ਹੈ, ਜੋ ਉਸ ਦੇ ਦੁੱਖ-ਸੁੱਖ ਵਿਚ ਸਾਥ ਦਿੰਦੇ ਹਨ। ਇਸ ਤਰ੍ਹਾਂ ਪਰਿਵਾਰਿਕ ਰਿਸ਼ਤੇ, ਰਿਸ਼ਤੇਦਾਰ ਤੇ ਭਾਵਨਾਤਮਕ ਰਿਸ਼ਤੇ ਬਹੁਤ ਅਹਿਮੀਅਤ ਰੱਖਦੇ ਹਨ।**

### ੪.੪ ਇਤਿਹਾਸਕ ਸਰੋਕਾਰ

ਵਿਸ਼ਵ ਭਰ ਵਿਚ ਭਿੰਨ-ਭਿੰਨ ਦੇਸ਼ਾਂ ਵਿਚ ਰਹਿੰਦੀਆਂ ਕੌਮਾਂ, ਜਾਤਾਂ, ਨਸਲਾਂ ਤੇ ਵੱਖ -ਵੱਖ ਕੌਮੀਅਤਾਂ ਨੇ ਆਪਣੇ - ਆਪਣੇ ਇਤਿਹਾਸ, ਸਭਿਆਚਾਰ, ਵਿਰਸਾ ਤੇ ਭਾਸ਼ਾ ਦੀ ਸਿਰਜਣਾ ਕੀਤੀ ਹੋਈ ਹੈ। ਸੰਸਾਰ ਵਿਚ ਵੱਖ - ਵੱਖ ਦੇਸ਼ਾਂ ਦੀਆਂ ਕੌਮਾਂ ਦੂਜੇ ਦੇਸ਼ਾਂ ਦੀਆਂ ਕੌਮਾਂ ਤੋਂ ਵਿਲੱਖਣਤਾ ਕਾਇਮ ਰੱਖਣ ਲਈ ਆਪਣੇ ਦੇਸ਼ ਦੇ ਇਤਿਹਾਸ, ਸਭਿਆਚਾਰ ਤੇ ਭਾਸ਼ਾਈ ਅਮੀਰਤਾ ਨੂੰ ਬਣਾਈ ਰੱਖਣ ਲਈ ਅਗਲੀਆਂ ਪੀੜ੍ਹੀਆਂ ਤਕ ਵੀ ਪਹੁੰਚਾਉਂਦੀਆਂ ਹਨ।

ਕਹਾਣੀਕਾਰ ਜਰਨੈਲ ਸਿੰਘ ਨੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਇਤਿਹਾਸਕ ਪੱਖ ਨੂੰ ਬਿਆਨ ਕੀਤਾ ਹੈ। ਜਰਨੈਲ ਸਿੰਘ ਨੇ ਕਹਾਣੀ 'ਮੁਹਾਜ਼' ਨੂੰ ਫ਼ੌਜੀ ਜੀਵਨ, ਉਨ੍ਹਾਂ ਦੀ ਆਪਣੇ ਵਤਨ ਲਈ ਤਾਂਘ, ਆਪਣੇ ਪਰਿਵਾਰ ਨੂੰ ਮਿਲਣ ਦੀ ਤਾਂਘ, ਉਨ੍ਹਾਂ ਦੇ ਫ਼ੌਜੀ ਜੀਵਨ ਸਮੇਂ ਹੋਈਆਂ ਜੰਗਾਂ ਨੂੰ ਬਿਆਨ ਕੀਤਾ ਹੋਇਆ ਹੈ। ਜਰਨੈਲ ਨੇ ਕਹਾਣੀ 'ਮੁਹਾਜ਼' ਵਿਚ ਫੌਜ ਤੋਂ ਛੁੱਟੀ ਦੇ ਡਿਸਚਾਰਜ ਦੇ ਰੁਕਣ ਤੇ ਨਵਤੇਜ ਵਲੋਂ ਹੋਈ ਨਿਰਾਸ਼ਤਾ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ।

“ਪਰ ਅਗਲੇ ਦਿਨਾਂ ’ਚ ਜੰਗ ਲਈ ‘ਤਿਆਰ ਬਰ ਤਿਆਰ’ ਦੀਆਂ ਤਾਰਾਂ ਖੜਕ ਗਈਆਂ। ਛੁੱਟੀਆਂ ਤੇ ਡਿਸਚਾਰਜ ਰੋਕ ਦਿੱਤੇ ਗਏ। ਬੇਬਸੀ ਤੇ ਨਿਰਾਸ਼ਤਾ ’ਚ ਡੁੱਬੇ ਨਵਤੇਜ ਨੇ ਆਖਿਆ ਸੀ, “ਅਖੀਰ ’ਤੇ ਆ ਕੇ ਫਸ ਗਿਆ।”

“ਲੜਾਈ ਕਿਤੇ ਸਦਾ ਤਾਂ ਨ੍ਹੀਂ ਲੱਗੀ ਰਹਿਣੀ।” ਮੈਂ ਦਿਲਾਸਾ ਦਿੱਤਾ ਸੀ।

“ਮੁੱਕਣ ’ਤੇ ਇਨ੍ਹਾਂ ਨੇ ਕਿਹੜਾ ਇਕਦਮ ਛੱਡ ਦੇਣੈ। ਉੱਨੀ ਸੌ ਪੈਂਹਟ ਦੀ ਲੜਾਈ ਤੋਂ ਬਾਅਦ ਡਿਸਚਾਰਜ ’ਤੇ ਜਾਣ ਵਾਲ਼ੇ ਡੇਢ - ਡੇਢ ਸਾਲ ਰਿੜਕ ਹੁੰਦੇ ਰਹੇ ਸੀ। ਮੈਂ ਤਾਂ ਇਕ ਦਿਨ ਵੀ ਵਾਧੂ ਨਹੀਂ ਅਟਕ ਸਕਦਾ।”

3 ਦਸੰਬਰ 1971 ਨੂੰ ਜੰਗ ਦੇ ਬਿਗਲ ਵੱਜ ਗਏ। ਓਦਣ ਨਵਤੇਜ ਦੀ ਨੌਕਰੀ ਨੌਂ ਸਾਲ ਤੋਂ ਇਕ ਮਹੀਨਾ ਉੱਪਰ ਹੋ ਚੁੱਕੀ ਸੀ। ਉਹ ਆਪਣੇ ਟਰੇਡ ਦਾ ਕੰਮ ਤਾਂ ਕਰਦਾ ਪਰ ਬੁਝਿਆ-ਬੁਝਿਆ ਰਹਿੰਦਾ। ਵਾਰ - ਵਾਰ ਇਹੀ ਆਖੀ ਜਾਂਦਾ, “ਅਖੀਰ ’ਤੇ ਆ ਕੇ ਫਸ ਗਿਆ।”[8]

ਆਪਣੇ ਦੇਸ਼ ਦੀ ਸੁਰੱਖਿਆ ਕਰਨ ਲਈ ਫ਼ੌਜੀ ਸਰਹੱਦਾਂ ਤੇ ਆਪਣੀ ਜਾਨ ਦੀ ਬਾਜ਼ੀ ਲਗਾ ਕੇ ਹਿੱਕ ਤਾਣ ਕੇ ਦੁਸ਼ਮਣਾਂ ਦੇ ਸਾਹਮਣੇ ਖੜ੍ਹਾ ਹੁੰਦਾ ਹੈ ਤੇ ਉਸ ਨੂੰ ਉਹ ਜੰਗ ਜਿੱਤਣ ਤੇ ਬਹੁਤ ਫ਼ਖਰ ਮਹਿਸੂਸ ਹੁੰਦਾ ਹੈ। ਫ਼ੌਜੀ ਨੂੰ ਆਪਣਾ ਫ਼ੌਜੀ ਜੀਵਨ ਬਹੁਤ ਪਿਆਰਾ ਹੁੰਦਾ ਹੈ। ਉਹ ਆਪਣੇ ਦੇਸ਼ ਲਈ ਆਪਣੀ ਜਾਨ ਦੀ ਪ੍ਰਵਾਹ ਵੀ ਨਹੀਂ ਕਰਦਾ ਹੈ। ਜੰਗ ਸਮੇਂ ਆਪਣੇ ਦੇਸ਼ ਦੀ ਸੁਰੱਖਿਆ ਲਈ ਆਪਣੇ ਪਰਿਵਾਰ, ਰਿਸ਼ਤੇਦਾਰ ਸਭ ਛੱਡ ਕੇ ਤੁਰ ਪੈਂਦਾ ਹੈ ਕਿਉਂਕਿ ਉਸ ਸਮੇਂ ਪਰਿਵਾਰ ਤੋਂ ਵਧ ਦੇਸ਼ ਨੂੰ ਉਸ ਦੀ ਜ਼ਰੂਰਤ ਹੁੰਦੀ ਹੈ। ਪਰ ਜਦੋਂ ਫ਼ੌਜੀ ਨੂੰ ਫ਼ੌਜ ਵੱਲੋਂ ਰਿਟਾਇਰਮੈਂਟ ਮਿਲਣੀ ਹੁੰਦੀ ਹੈ ਤਾਂ ਉਹ ਇੱਕ ਪਾਸੇ ਖ਼ੁਸ਼ ਹੁੰਦਾ ਹੈ ਕਿ ਉਸ ਨੇ ਆਪਣੇ ਪਰਿਵਾਰ ਵਿਚ ਵਾਪਸ ਪਰਤ ਰਿਹਾ ਹੈ ਤੇ ਦੂਜੇ ਪਾਸੇ ਦੁੱਖ ਵੀ ਹੁੰਦਾ ਹੈ ਕਿ ਉਹ ਆਪਣੇ ਦੇਸ਼ ਦੀ ਸਰਹੱਦਾਂ ਉੱਤੇ ਹੋਰ ਸੇਵਾ ਨਹੀਂ ਕਰ ਸਕਦਾ।

ਕਹਾਣੀ ਵਿਚ ਪਾਤਰ ਨਵਤੇਜ ਜੋ ਆਪਣੇ ਪਰਿਵਾਰ ਵਿਚ ਵਾਪਸ ਪਰਤਣਾ ਚਾਹੁੰਦਾ ਹੈ ਪਰ ਜਦੋਂ ਉੱਪਰੋਂ ਆਰਡਰ ਆ ਗਿਆ ਕਿ ਜੰਗ ਲੱਗ ਗਈ ਹੈ ਕਿਸੇ ਨੂੰ ਵੀ ਛੁੱਟੀ ਨਹੀਂ ਮਿਲੇਗੀ ਤਾਂ ਉਹ ਬਹੁਤ ਨਿਰਾਸ਼ ਹੁੰਦਾ ਹੈ। ਉਸ ਦੀ

ਨੌਕਰੀ ਨੂੰ ਨੌਂ ਸਾਲ ਤੋਂ ਵੀ ਇੱਕ ਮਹੀਨਾ ਉੱਪਰ ਹੋ ਗਿਆ ਸੀ ਪਰ ਉਸ ਨੂੰ ਅਜੇ ਤਕ ਵੀ ਡਿਸਚਾਰਜ ਨਹੀਂ ਮਿਲਿਆ। ਨਵਤੇਜ ਦੀ ਘਰ ਜਾਣ ਦੀ ਲੋਚਾ ਕਰ ਕੇ ਉਹ ਡੇਵ ਨੂੰ ਇੱਕੋ ਗੱਲ ਕਹਿੰਦਾ ਕਿ ਮੈਂ ਆਖੀਰ 'ਚ ਆ ਕੇ ਫਸ ਗਿਆ।

ਜਰਨੈਲ ਸਿੰਘ ਨੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਕਹਾਣੀ 'ਮੁਹਾਜ਼' ਵਿਚ ਹਥਿਆਰਾਂ ਦੇ ਹੋ ਰਹੇ ਵਪਾਰੀਕਰਨ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ।

"ਮੌਮ ! ਜਦ ਸਾਡੇ ਸੈਨਿਕਾਂ ਕੋਲ਼ ਏਨੇ ਵਧੀਆ ਹਥਿਆਰ ਹਨ ਤਾਂ ਉਹ ਐਫਗੈਨਿਸਤੈਨ 'ਚ ਸਫ਼ਲ ਕਿਉਂ ਨਹੀਂ ਹੋ ਰਹੇ।" ਟਿੰਮ ਨੇ ਮੱਥਾ ਸੁਕੇੜਦਿਆਂ ਪੁੱਛਿਆ।

"ਉਨ੍ਹਾਂ ਕੋਲ਼ ਵੀ ਵਧੀਆ ਹਥਿਆਰ ਹੈਗੇ ਨੇ।" ਨੈਨਸੀ ਨੇ ਉੱਤਰ ਦਿੱਤਾ।

"ਉਹ ਬਣਾਉਂਦੇ ਨੇ?"

"ਦੇਸੀ ਕਿਸਮ ਦੇ ਤਾਂ ਉਹ ਆਪ ਬਣਾ ਲੈਂਦੇ ਹਨ ਪਰ ਵਧੀਆ ਨਵੀਨ ਹਥਿਆਰ ਉਹ ਇੱਧਰੋਂ-ਉੱਧਰੋਂ ਖਰੀਦਦੇ ਹਨ।"

"ਕਿੱਥੋਂ?"

"ਕੁਝ ਦੇਸ਼ ਹਥਿਆਰਾਂ ਦਾ ਬਿਜ਼ਨਿਸ ਕਰਦੇ ਨੇ।"

"ਵੱਟ੍ਹ ! ਵੈਪਨ ਬਿਜ਼ਨਿਸ।" ਟਿੰਮ ਨੂੰ ਜਿਵੇਂ ਕਰੰਟ ਵੱਜਾ ਹੋਵੇ। ਉਸਦਾ ਹੈਰਾਨਗੀ 'ਚ ਝੁੰਜਲਾਇਆ ਚਿਹਰਾ ਪਲਾਂ ਵਿਚ ਹੀ ਅੰਗਿਆਰਾਂ ਵਾਂਗ ਭਖ ਉੱਠਿਆ। ਖਰ੍ਹਵੀਂ ਆਵਾਜ਼ ਵਿਚ ਉਹ ਬੋਲਿਆ, "ਇਸਦਾ ਮਤਲਬ ਡੈਡ ਨੂੰ ਮਾਰਨ ਵਾਲ਼ੇ 'ਕੱਲੇ ਤਾਲਿਬਾਨ ਨਹੀਂ, ਹਥਿਆਰਾਂ ਦੇ ਵਪਾਰੀ ਵੀ ਹਨ.......... ਆਈ ਡੋਂਟ ਅੰਡਰਸਟੈਂਡ ਦਿਸ ਬੁਲਸ਼ਿਟ।"[9]

ਵਿਸ਼ਵ ਭਰ ਵਿਚ ਹਰ ਇੱਕ ਵਸਤੂ ਦਾ ਵਪਾਰੀਕਰਨ ਹੋ ਰਿਹਾ ਹੈ। ਵਿਸ਼ਵੀਕਰਨ ਦੇ ਦੌਰ ਕਾਰਨ ਫ਼ੌਜ ਵਿਚ ਵੀ ਵਰਤੇ ਗਏ ਹਥਿਆਰਾਂ ਦਾ ਵੀ ਵਪਾਰੀਕਰਨ ਹੋ ਰਿਹਾ ਹੈ। ਇਨ੍ਹਾਂ ਵਪਾਰੀਕਰਨ ਦੀ ਮੰਡੀ ਵਿਚ ਹਥਿਆਰਾਂ ਦਾ ਇੱਕ ਦੇਸ਼ ਤੋਂ ਦੂਜੇ ਦੇਸ਼ ਵਿਚ ਆਦਾਨ-ਪ੍ਰਦਾਨ ਤੇ ਵਪਾਰੀਕਰਨ ਹੋ ਰਿਹਾ ਹੈ। ਕਹਾਣੀ ਵਿਚ ਸਟੀਵ ਹੁਣਾਂ ਦੇ ਯੂਨਿਟ ਦੀ ਵਰ੍ਹੇਗੰਢ ਮਨਾਈ ਜਾ ਰਹੀ ਸੀ ਤਾਂ ਉਸ ਫੰਕਸ਼ਨ ਵਿਚ ਨੈਨਸੀ ਤੇ ਡੇਵ ਟਿੰਮ ਨੂੰ ਲੈ ਕੇ ਹਥਿਆਰਾਂ ਦੀ ਪ੍ਰਦਰਸ਼ਨੀ ਕੋਲੋਂ ਲੰਘ ਰਹੇ

ਟਿੰਮ ਨੇ ਹਥਿਆਰਾਂ ਬਾਰੇ ਗੱਲ ਕਰਨੀ ਸ਼ੁਰੂ ਕੀਤੀ ਤੇ ਉਸ ਨੇ ਨੈਨਸੀ ਨੂੰ ਜੰਗ ਵਿਚ ਵਰਤੇ ਗਏ ਹਥਿਆਰਾਂ ਬਾਰੇ ਪੁੱਛਿਆ ਤਾਂ ਨੈਨਸੀ ਨੇ ਦੱਸਿਆ ਕਿ ਕੁੱਝ ਅਜਿਹੇ ਦੇਸ਼ ਹਨ ਜੋ ਹਥਿਆਰਾਂ ਦਾ ਬਿਜ਼ਨਿਸ ਕਰਦੇ ਹਨ ਤਾਂ ਟਿੰਮ ਬਹੁਤ ਪਰੇਸ਼ਾਨ ਹੁੰਦਾ ਹੈ ਤੇ ਉਹ ਕਹਿੰਦਾ ਹੈ ਕਿ ਉਸ ਦੇ ਡੈਡ ਨੂੰ ਹਥਿਆਰਾਂ ਦੇ ਵਪਾਰੀਆਂ ਨੇ ਮਾਰਿਆ ਹੈ। ਇਸ ਤਰ੍ਹਾਂ ਇਨ੍ਹਾਂ ਹਥਿਆਰਾਂ ਦੇ ਵਪਾਰੀਆਂ ਨੇ ਆਪਣੇ ਦੇਸ਼ ਨੂੰ ਸੁਰੱਖਿਆ ਪੱਖੋਂ ਤੇ ਸੈਨਿਕ ਮਜ਼ਬੂਤੀ ਪੱਖੋਂ ਹਥਿਆਰਾਂ ਦਾ ਮੰਡੀਕਰਨ ਕਰ ਰਹੇ ਹਨ।

ਇਸ ਤਰ੍ਹਾਂ ਵਿਸ਼ਵੀਕਰਨ ਦੇ ਦੌਰ ਕਾਰਨ ਵਪਾਰੀਆਂ ਨੇ ਹਥਿਆਰਾਂ ਦੀ ਮੰਡੀ ਵਿਚ ਵੀ ਆਦਾਨ-ਪ੍ਰਦਾਨ ਕਰਦੇ ਹਨ, ਜਿਸ ਦਾ ਪ੍ਰਭਾਵ ਪੂਰੇ ਦੇਸ਼ ਉੱਤੇ ਪੈ ਰਿਹਾ ਹੈ।

ਸੋ ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਜਰਨੈਲ ਸਿੰਘ ਨੇ ਆਪਣੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਵਿਸ਼ਵੀਕਰਨ ਤੇ ਖਪਤ ਸਭਿਆਚਾਰ ਕਾਰਨ ਪਰਿਵਾਰ, ਸਭਿਆਚਾਰ, ਨੈਤਿਕਤਾ, ਰਿਸ਼ਤੇ ਅੰਦਰ ਪੈਦਾ ਹੋਏ ਤਣਾਅ ਨੂੰ ਬਹੁਤ ਹੀ ਸੂਝਵਾਨਤਾ ਨਾਲ ਨਿੱਠ ਕੇ ਪੇਸ਼ ਕੀਤਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਸਰਬਜੀਤ ਕੌਰ, ਰਵਿੰਦਰ ਰਵੀ ਕਾਵਿ, ਸਭਿਆਚਾਰ ਤਣਾਉ : ਪਰਵਾਸੀ ਸੰਦਰਭ, ਪੰਨਾ- 57

2. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ- 28,29

3. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ-25

4. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ-8

5. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ-11

6. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ-44,45

7. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ-86,87

8. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ-92,93

9. ਜਰਨੈਲ ਸਿੰਘ, ਕਾਲ਼ੇ ਵਰਕੇ, ਪੰਨਾ-100,101

# ਨਿਸ਼ਕਰਸ਼

ਕਹਾਣੀਕਾਰ ਜਰਨੈਲ ਸਿੰਘ ਪੰਜਾਬੀ ਸਾਹਿਤ ਵਿਚ ਸਮਕਾਲੀ ਤੇ ਸਮਰੱਥ ਕਹਾਣੀਕਾਰ ਹੈ। ਜਰਨੈਲ ਸਿੰਘ ਨੇ ਪੰਜਾਬੀ ਕਹਾਣੀ ਵਿਚ ਨਿਵੇਕਲਾ ਸਥਾਨ ਪ੍ਰਾਪਤ ਕੀਤਾ ਹੈ। ਜਰਨੈਲ ਸਿੰਘ ਨੇ ਆਪਣੇ ਕਹਾਣੀ ਸੰਗ੍ਰਹਿ ਨਾਲ ਪੰਜਾਬੀ ਸਾਹਿਤ ਦੇ ਸਥਾਪਤ ਕਹਾਣੀਕਾਰਾਂ ਵਿਚੋਂ ਪਹਿਲੀ ਕਤਾਰ ਵਿਚ ਆ ਖੜ੍ਹਾ ਹੋਇਆ ਹੈ। ਜਰਨੈਲ ਨੇ ਪਰਵਾਸੀ ਪੰਜਾਬੀ ਕਹਾਣੀਆਂ ਲਿਖਣ ਵਿਚ ਨਵੀਂ ਪੁਲਾਂਘ ਪੁੱਟੀ। ਉਸ ਨੇ ਆਪਣੀਆਂ ਕਹਾਣੀਆਂ ਵਿਚ ਪਰਵਾਸ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਉਸ ਨੇ ਇਨ੍ਹਾਂ ਸਮੱਸਿਆਵਾਂ ਨੂੰ ਬਹੁਤ ਹੀ ਸੂਝਵਾਨਤਾ ਨਾਲ਼ ਨਿੱਠ ਕੇ ਪੇਸ਼ ਕੀਤਾ ਹੈ। ਉਸ ਨੇ ਆਪਣੀਆਂ ਕਹਾਣੀਆਂ ਵਿਚ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਦੇ ਸੱਚ ਦੀ ਪੇਸ਼ਕਾਰੀ ਕੀਤੀ ਹੈ। ਕਹਾਣੀਆਂ ਵਿਚਲੇ ਪਾਤਰ ਸਾਧਾਰਨ ਹੀ ਲਏ ਹੋਏ ਹਨ ਤੇ ਉਨ੍ਹਾਂ ਦੇ ਜੀਵਨ ਨੂੰ ਸਾਧਾਰਨਤਾ ਵਿਚ ਪੇਸ਼ ਕੀਤਾ ਹੈ।

ਜਰਨੈਲ ਸਿੰਘ ਨੇ ਆਪਣੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਨਿੱਠ ਕੇ ਪੇਸ਼ ਕੀਤਾ ਹੈ। ਉਸ ਨੇ ਇਨ੍ਹਾਂ ਸਮੱਸਿਆਵਾਂ ਨੂੰ ਹੱਡੀ ਹੰਢਾਇਆ ਹੈ। ਜਰਨੈਲ ਨੇ ਇਨ੍ਹਾਂ ਸਮੱਸਿਆਵਾਂ ਨੂੰ ਨਿੱਠ ਕੇ ਬਿਆਨਿਆਂ ਹੈ।

ਵੀਹਵੀਂ ਸਦੀ ਦੀ ਦਹਿਲੀਜ਼ ਲੰਘਣ ਤੋਂ ਬਾਅਦ ਜਿੱਥੋਂ ਉੱਤਰੀ ਪੰਜਾਬੀ ਕਹਾਣੀ ਦੀ ਸ਼ੁਰੂਆਤ ਹੁੰਦੀ ਹੈ, ਉੱਥੋਂ ਨਾਲ ਹੀ ਪਹਿਲਾ ਪਰਵਾਸੀ ਪੰਜਾਬੀਆਂ ਦੀ ਤ੍ਰਾਸਦੀ ਦੀ ਸ਼ੁਰੂਆਤ ਹੋ ਜਾਂਦੀ ਹੈ। ਪਰਵਾਸ ਵਿਚ ਪੈਸੇ ਦੀ ਲਾਲਸਾ ਨੇ ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰ ਦਿੱਤਾ ਹੈ। ਸਮਾਜ ਵਿਚ ਹਰ ਮਨੁੱਖ ਵੱਧ ਤੋਂ ਵਧ ਪੈਸਾ ਕਮਾਉਣਾ ਚਾਹੁੰਦਾ ਹੈ। ਉਨ੍ਹਾਂ ਦੀ ਮਾਨਸਿਕਤਾ 'ਤੇ ਸਭ ਤੋਂ ਵਧ ਪ੍ਰਭਾਵ ਵਿਸ਼ਵੀਕਰਨ ਤੇ ਖਪਤ ਸਭਿਆਚਾਰ ਪਾ ਰਿਹਾ ਹੈ। ਵਿਸ਼ਵੀਕਰਨ ਦੌਰ ਦੇ ਪ੍ਰਭਾਵ ਅਧੀਨ ਇੱਕ ਮਨੁੱਖ ਦੂਜੇ ਮਨੁੱਖ ਨੂੰ ਪਿੱਛੇ ਛੱਡਣਾ ਚਾਹੁੰਦਾ ਹੈ। ਪੂੰਜੀਵਾਦੀ ਦੌਰ ਨੇ ਮਨੁੱਖ ਦੀ ਮਾਨਸਿਕਤਾ ਨੂੰ ਅਜਿਹਾ

ਪ੍ਰਭਾਵਿਤ ਕੀਤਾ ਹੈ ਕਿ ਮਨੁੱਖ ਨੂੰ ਇੱਕ ਚੀਜ਼ ਪ੍ਰਾਪਤ ਕਰਨ ’ਤੇ ਸਬਰ ਨਹੀਂ ਆਉਂਦਾ ਹੈ, ਸਗੋਂ ਉਹ ਦੂਜੇ ਮਨੁੱਖਾਂ ਕੋਲ ਆਪਣੇ ਤੋਂ ਵਧੀਆਂ ਚੀਜ਼ਾਂ ਦੇਖ ਕੇ ਲੈਣਾ ਲੋਚਦਾ ਹੈ। ਮਨੁੱਖ ਦਾ ਪੱਛਮੀ ਦੇਸ਼ਾਂ ਵਿਚ ਜਾਣ ਨਾਲ ਉਨ੍ਹਾਂ ਦੀ ਮਾਨਸਿਕਤਾ ਵਿਚ ਵੀ ਪਰਿਵਰਤਨ ਆਏ ਹਨ। ਉਨ੍ਹਾਂ ਦਾ ਇਨ੍ਹਾਂ ਪਰਿਵਰਤਨਾਂ ਦਾ ਦਿਲ ਤੇ ਦਿਮਾਗ਼ ਤੇ ਡੂੰਘਾ ਪ੍ਰਭਾਵ ਪਾਇਆ ਹੈ। ਪਰਵਾਸੀ ਪੰਜਾਬੀ ਪੱਛਮੀ ਮੁਲਕਾਂ ਵਿਚ ਪੈਸੇ ਕਮਾਉਣ ਦੀ ਲਾਲਸਾ, ਪੱਛਮੀ ਦੇਸ਼ਾਂ ਦੀ ਖਿੱਚ ਅਤੇ ਆਪਣੇ ਉੱਜਵਲ ਭਵਿੱਖ ਲਈ ਵੱਸਣਾ ਚਾਹੁੰਦਾ ਹੈ। ਜਦੋਂ ਪਰਵਾਸੀ ਪੰਜਾਬੀਆਂ ਨੇ ਪਹਿਲਾਂ-ਪਹਿਲਾਂ ਪੱਛਮੀ ਦੇਸ਼ਾਂ ਵਿਚ ਜਾ ਕੇ ਵੱਸਣਾ ਸ਼ੁਰੂ ਕੀਤਾ ਸੀ ਤਾਂ ਉਹ ਆਪਣਾ ਜੀਵਨ ਪੱਛਮੀ ਸਭਿਆਚਾਰ ਅਨੁਸਾਰ ਢਾਲਣਾ ਪਸੰਦ ਨਹੀਂ ਸਨ ਕਰਦੇ, ਪਰ ਜਿਵੇਂ ਜਿਵੇਂ ਉਹ ਪੱਛਮੀ ਸਭਿਆਚਾਰ ਵਿਚ ਢਲਣ ਲੱਗ ਪਏ ਤਾਂ ਉਹ ਪੱਛਮੀ ਸਭਿਆਚਾਰ ਪੱਖੋਂ ਵਧੇਰੇ ਚੇਤੰਨ ਹੋਣ ਲੱਗ ਪਏ।

ਪਰਵਾਸੀ ਪੰਜਾਬੀਆਂ ਨੂੰ ਪਰਵਾਸ ਧਾਰਨ ਕਰਨ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਪਰਵਾਸ ’ਚ ਵੱਸਣ ਨਾਲ ਨਸਲਵਾਦ, ਸਭਿਆਚਾਰਕ ਤਣਾਅ, ਆਰਥਿਕਤਾ, ਬੇਗਾਨਗੀ ਤੇ ਇਕੱਲਤਾ, ਧਾਰਮਿਕ ਸਮੱਸਿਆ, ਪੰਜਾਬੀ ਭਾਸ਼ਾ ਦੇ ਗੁੰਮ ਹੋਣ ਦੀਆਂ ਸਮੱਸਿਆਵਾਂ ਸਾਹਮਣੇ ਆਈਆਂ, ਜਿਨ੍ਹਾਂ ਨਾਲ ਪਰਵਾਸੀ ਪੰਜਾਬੀ ਮੁੱਢ ਤੋਂ ਹੀ ਜੂਝਦਾ ਆ ਰਿਹਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਨੇ ਸਾਰਾ ਸੰਸਾਰ ਇੱਕ ਪਿੰਡ ਬਣਾ ਦਿੱਤਾ ਹੈ, ਜਿਸ ਵਿਚ ਵਸਤਾਂ ਦਾ ਮੰਡੀਕਰਨ ਹੋ ਰਿਹਾ ਹੈ। ਇਸ ਦਾ ਪ੍ਰਭਾਵ ਕਿਸੇ ਇੱਕ ਪਿੰਡ ਜਾਂ ਸ਼ਹਿਰ ’ਤੇ ਨਹੀਂ ਸਗੋਂ ਪੂਰੇ ਵਿਸ਼ਵ ’ਤੇ ਪੈ ਰਿਹਾ ਹੈ। ਇਸ ਪ੍ਰਭਾਵ ਸਦਕਾ ਪਰਵਾਸੀ ਪੰਜਾਬੀਆਂ ਦੀ ਇਨ੍ਹਾਂ ਨਵੀਆਂ ਧਰਤੀਆਂ ਦੀ ਤਲਾਸ਼ ਨੇ ਉਨ੍ਹਾਂ ਨੂੰ ਪਰਵਾਸ ਵਲ ਨੂੰ ਧੱਕ ਦਿੱਤਾ। ਪਰਵਾਸੀ ਪੰਜਾਬੀ ਪੱਛਮੀ ਦੇਸ਼ਾਂ ਵਿਚ ਵਧ ਪੈਸਾ ਕਮਾਉਣ ਦੀ ਲਾਲਸਾ ਨਾਲ ਆਪਣੇ ਘਰ – ਪਰਿਵਾਰ, ਰਿਸ਼ਤੇ – ਨਾਤੇ, ਦੋਸਤ- ਮਿੱਤਰਾਂ ਨਾਲੋਂ ਟੁੱਟ ਜਾਂਦਾ ਹੈ। ਇੱਥੋਂ ਤਕ ਪਰਵਾਸੀ ਆਪਣੇ ਦੇਸ਼ ਨਾਲੋਂ ਵੀ ਟੁੱਟ ਕੇ ਰਹਿ ਜਾਂਦੇ ਹਨ।

ਇਸ ਤੋਂ ਇਲਾਵਾ ਪਰਵਾਸੀ ਪੰਜਾਬੀ ਔਰਤ ਨੂੰ ਪੱਛਮੀ ਮੁਲਕਾਂ ’ਚ ਰਹਿੰਦਿਆਂ ਵਧੇਰੇ ਚੇਤੰਨ ਤੇ ਜਾਗਰੂਕ ਹੋ ਗਈ ਹੈ। ਇਸ ਸਮੇਂ ਔਰਤ ਆਜ਼ਾਦ ਹੋਣ ਕਰਕੇ ਕਿਸੇ ਵੀ ਤਰ੍ਹਾਂ ਦਾ ਦਬਾਅ ਸਹਿਣ ਨਹੀਂ ਕਰਦੀ। ਉਹ ਹਰ ਇੱਕ ਮੁਸੀਬਤ ਦਾ ਸਾਹਮਣਾ ਨਿੱਠ ਕੇ ਕਰਦੀ ਹੈ। ਉਹ ਆਪਣੇ ਪਤੀ ਤੋਂ ਬਿਨਾਂ ਵੀ ਆਪਣਾ ਗੁਜ਼ਾਰਾ ਬਹੁਤ ਵਧੀਆ ਤਰੀਕੇ

ਨਾਲ ਕਰ ਸਕਦੀ ਹੈ। ਉਸ ਤੋਂ ਬਿਨਾਂ ਵੀ ਇੱਜ਼ਤਦਾਰ ਜ਼ਿੰਦਗੀ ਜੀਅ ਸਕਦੀ ਹੈ ਤੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਢੰਗ ਨਾਲ ਕਰ ਸਕਦੀ ਹੈ।

ਇਸ ਤਰ੍ਹਾਂ ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਪੱਛਮੀ ਦੇਸ਼ਾਂ ਵਿਚ ਵਸਦੇ ਪਰਵਾਸੀ ਪੰਜਾਬੀਆਂ ਦੇ ਜੀਵਨ ਵਿਚ ਉਥੱਲ – ਪੁੱਥਲ ਹੁੰਦੀ ਰਹਿੰਦੀ ਹੈ। ਪਰ ਉਹ ਜ਼ਿੰਦਗੀ ਉਥੱਲ – ਪੁੱਥਲ ਨੂੰ ਸਵਿਕਾਰ ਕਰਦਾ ਹੋਇਆ ਸੁਨਹਿਰੇ ਭਵਿੱਖ ਲਈ ਉੱਥੇ ਵੱਸ ਕੇ ਰਹਿਣਾ ਚਾਹੁੰਦਾ ਹੈ। ਜਿਸ ਕਾਰਨ ਪਰਵਾਸੀ ਪੰਜਾਬੀ ਆਪਣੇ ਦੇਸ਼ ਨੂੰ ਚਾਹੁੰਦੇ ਹੋਇਆ ਵੀ ਪਰਤਣਾ ਨਹੀਂ ਚਾਹੁੰਦਾ। ਭਾਵੇਂ ਪੱਛਮੀ ਮੁਲਕਾਂ ਵਿਚ ਵਧੇਰੇ ਸੰਘਰਸ਼ ਕਰਨਾ ਪੈ ਰਿਹਾ ਹੈ, ਪਰ ਉਹ ਇਨ੍ਹਾਂ ਸਮੱਸਿਆਵਾਂ ’ਤੇ ਕਾਬੂ ਕਰਨ ਦਾ ਯਤਨ ਕਰ ਰਿਹਾ ਹੈ।

## ਸਹਾਇਕ ਪੁਸਤਕ ਸੂਚੀ: -


1. ਉੱਪਲ, ਸਵਿੰਦਰ ਸਿੰਘ (ਡਾ.), ਪੰਜਾਬੀ ਕਹਾਣੀ ਸਰੂਪ, ਸਿੱਧਾਂਤ ਤੇ ਵਿਕਾਸ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1995
2. ਚੰਦਨ, ਸਵਰਨ (ਡਾ.), ਬਰਤਾਨਵੀ ਪੰਜਾਬੀ ਸਾਹਿਤ ਦੀਆਂ ਸਮੱਸਿਆਵਾਂ, ਦਿੱਲੀ, ਨੈਸ਼ਨਲ ਬੁੱਕ ਸ਼ਾਪ, 1996
3. ਸਿੰਘ, ਸੁਰਿੰਦਰਪਾਲ (ਸੰਪਾ.), ਪਰਵਾਸੀ ਪੰਜਾਬੀ ਸਾਹਿਤ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1990
4. ਸਿੰਘ, ਹਰਚਰਨ (ਡਾ.), ਪੰਜਾਬੀਆਂ ਦਾ ਉੱਤਰੀ ਅਮਰੀਕਾ ਵਿਚ ਪਰਵਾਸ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2009
5. ਸਿੰਘ, ਜਰਨੈਲ, ਕਾਲ਼ੇ ਵਰਕੇ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2015
6. ਸਿੰਘ, ਰਾਜਿੰਦਰ ਪਾਲ (ਡਾ.), ਸਿੰਘ, ਜਸਵਿੰਦਰ (ਡਾ.) ਅਤੇ ਸਿੰਘ, ਸੁਰਜੀਤ (ਡਾ.), ਪੰਜਾਬੀ ਡਾਇਸਪੋਰਾ ਸਾਹਿਤ ਅਤੇ ਸਭਿਆਚਾਰ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2012
7. ਕੌਰ, ਅਕਾਲ ਅੰਮ੍ਰਿਤ, ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਅੰਮ੍ਰਿਤਸਰ, ਗੁਰੂ ਨਾਨਕ ਭਵਨ, ਚੇਤਨਾ ਪ੍ਰਕਾਸ਼ਨ, 2003
8. ਕੌਰ, ਅਰਵਿੰਦਰ (ਡਾ.), ਕੈਨੇਡਾ ਦੇ ਪ੍ਰਮੁੱਖ ਕਹਾਣੀਕਾਰ, ਜਲੰਧਰ, ਪੰਜ ਆਬ ਪ੍ਰਕਾਸ਼ਨ, 2015
9. ਕੌਰ, ਸਰਬਜੀਤ, ਰਵਿੰਦਰ ਰਵੀ ਕਾਵਿ, ਸਭਿਆਚਾਰਕ ਤਣਾਉ : ਪਰਵਾਸੀ ਸੰਦਰਭ, ਦਿੱਲੀ, ਨੈਸ਼ਨਲ ਬੁਕ ਸ਼ਾਪ, 2015

10. ਕੱਲਰਮਾਜਰੀ, ਗੁਰਮੀਤ (ਡਾ.), ਜਰਨੈਲ ਸਿੰਘ ਦੀ ਰਚਨਾ ਦ੍ਰਿਸ਼ਟੀ (ਦੋ ਟਾਪੂ ਦੇ ਪ੍ਰਸੰਗ ਵਿੱਚ), ਪਟਿਆਲਾ, ਪਰਸੇਮ ਸਿੰਘ ਫੋਰਮੈਨ ਯਾਦਗਾਰੀ ਪ੍ਰਕਾਸ਼ਨ, 2001

11. ਕਿਰਨ, ਕਿਰਨਦੀਪ ਸਿੰਘ, ਪ੍ਰੇਮ ਪ੍ਰਕਾਸ਼ ਦੀ ਕਥਾ ਸੰਵੇਦਨਾ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2006

12. ਥਿੰਦ, ਬਲਵਿੰਦਰ ਸਿੰਘ (ਡਾ.), ਕਹਾਣੀ ਸਿਧਾਂਤ ਅਤੇ ਜਰਨੈਲ ਸਿੰਘ ਦੀ ਕਥਾ ਸੰਵੇਦਨਾ, ਚੰਡੀਗੜ੍ਹ , ਸਪਤਰਿਸ਼ੀ ਪਬਲੀਕੇਸ਼ਨਜ਼, 2016

13. ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ (ਡਾ.), ਪਰਵਾਸੀ ਪੰਜਾਬੀ ਸਾਹਿੱਤ ਮੁੱਲ ਤੇ ਮੁਲਾਂਕਣ, ਪਟਿਆਲਾ, ਮਦਾਨ ਪਬਲੀਕੇਸ਼ਨਜ਼, ਪੰਜਾਬੀ ਯੂਨੀਵਰਸਿਟੀ, 1999

14. ਧਾਲੀਵਾਲ, ਬਲਦੇਵ ਸਿੰਘ (ਡਾ.), ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2007

15. ਬੇਦੀ, ਹਰਚੰਦ ਸਿੰਘ (ਸੰਪਾ.), ਪਰਵਾਸ ਤੇ ਪਰਵਾਸੀ ਸਾਹਿਤ,ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2005

## ਖੋਜ ਪਤ੍ਰਿਕਾਵਾਂ:-

1. ਲਾਂਬਾ, ਰਾਜਿੰਦਰ ਸਿੰਘ (ਡਾ.), ਖੋਜ ਪਤ੍ਰਿਕਾ, ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ, 40, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1994

2. ਥਿੰਦ, ਕਰਨੈਲ ਸਿੰਘ (ਡਾ.), ਖੋਜ ਦਰਪਣ, ਜਿਲਦ VIII, ਅੰਕ 2, ਅੰਮ੍ਰਿਤਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਜੁਲਾਈ 1981